ਸਤਿਸੰਗ

ਫਰਵਰੀ ੧੯੮੦

੧/੫੦

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh dhaka

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)

(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER Phone : 3805

MODERN GUN WORKS

Opp. Industrial Estate,

JAMMU CANTT.

ਵਰਿਆਮ

ਸੂਬਾ ਸਾਹਿਬ ਸਿੰਘ

ਵਰਿਆਮ ਦਾ

ਸੂਬਾ ਸਾਹਿਬ ਸਿੰਘ ਅੰਕ

- ਵਿਦਵਾਨਾਂ ਦੇ ਖੋਜ ਪੂਰਨ ਲੇਖ
- ਸਤਿਗੁਰੂ ਜਗਜੀਤ ਸਿੰਘ ਜੀ ਦਾ ਅਫਰੀਕਾ ਦੌਰਾ ਅਤੇ ਹੋਰ ਲੇਖ,
- ਰੰਗੀਨ ਤਸਵੀਰਾਂ।

ਕੀਮਤ ਕੇਵਲ ਪੰਜ ਰੁਪਏ

ਮਿਲਣ ਦਾ ਪਤਾ .

ਮਾਸਕ ਵਰਿਆਮ, ਲਾਡੋਵਾਲੀ ਰੋਡ ਜਲੰਧਰ।

ਸਾਲਾਨਾ ਚੰਦਾ ੧੫/-

Sri Satguru Jagjit Singh Ji Elibrary NamdhariElibrary@gmail.com

ਮਾਸਕ ਵਰਿਆਮ ਫਰਵਰੀ ੧੯੮੦

ਜਿਲਦ ਨੰ: ੫ ਅੰਕ ਨੰ: ੪

ਪ੍ਰਤੀਕ੍ਰਿਆ		੧
ਵਿਸ਼ਵਾ ਮਿਤਰੀ (ਵਗਦੇ ਪਾਣੀ)	ਜ. ਸ. ਵਿਰਦੀ	੭
ਮਿਨੀ ਕਵਿਤਾਵਾਂ	ਰਾਜਿੰਦਰ ਖੇਤਰਪਾਲ	੧੧
ਤਿਹਾਈ ਸਦੀ ਦਾ ਇਤਹਾਸ (ਕਵਿਤਾ)	ਇਕਬਾਲ ਦੀਪ	੧੧
ਗ਼ਜ਼ਲਾਂ: ਸੁਰਜੀਤ ਰਾਮਪੁਰੀ, ਮਹਿੰਦਰ ਰਾਮ ਪੁਰੀ, ਸ਼ਮਸ਼ੇਰ ਸਿੰਘ ਸਾਜ਼, ਸਰਵਨ ਰਾਹੀ, ਸੁਰਿੰਦਰ ਸਾਗਰ		੧੨
ਰਿਸ਼ੀ ਮਾਰਕੰਡੇਯ	ਜ. ਸ. ਵਿਰਦੀ	੧੪
ਵਿਸ਼ਵਾਸ਼	ਡਾ: ਜਾਨ ਈ. ਓਵੇਨ	੧੫
ਬੀਤੇ ਦੀਆਂ ਪੈੜਾਂ (੩)	ਪ੍ਰੀਤਮ ਸਿੰਘ ਕਵੀ	੧੭
ਪੁਸਤਕ ਸਮੀਖਿਆ		੩੩

ਸੰਪਾਦਕ । ਜਗਦੀਸ਼ ਸਿਘ

ਮੁੱਲ ਪ੍ਰਤੀ ਕਾਪੀ । ੧-੫੦ ਰੁਪਿਆ
ਸਾਲਾਨਾ ਚੰਦਾ ਦੇਸ਼ : ੧੫ ਰੁਪਏ
" " ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
" " ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੨੦੦ ਰੁਪਏ ਕੇਵਲ ਦੇਸ਼ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P.P.

ਸੰਪਾਦਕੀ

ਪੰਜਾਬੀ ਦੇ ਮਾਸਕ ਪਰਚੇ

ਪੰਜਾਬੀ ਵਿਚ ਛਪਣ ਵਾਲੇ ਮਾਸਕ ਪਰਚਿਆਂ ਦੀ ਗਿਣਤੀ ਵਲ ਵੇਖੀਏ ਤਾਂ ਜ਼ਰੂਰ ਤੱਸਲੀ ਹੁੰਦੀ ਹੈ ਪਰ ਜਿਹ ਿਆਂ ਹਾਲਤਾਂ ਚੋਂ ਇਹ ਲੰਘਦੇ ਹਨ ਉਹ ਤਰਸ ਯੋਗ ਹਨ। ਤਾਂਹੀ ਤਾਂ ਬਹੁਤੇ ਛੇਤੀ ਬੰਦ ਹੋ ਜਾਂਦੇ ਹਨ। ਇਹ ਪਰਚੇ ਬਹੁਤ ਹੱਦ ਤੱਕ ਲੇਖਕਾਂ, ਖਾਸ ਕਰ ਨਵੇਂ ਸਿਰਜਕਾਂ ਦੀਆਂ ਰਚਨਾਵਾਂ ਦੀ ਪ੍ਰਕਾਸ਼ਨ ਸਮਸਿਆ ਨੂੰ ਹਲ ਕਰਨ ਵਿਚ ਸਹਾਈ ਹੁੰਦੇ ਹਨ ਅਤੇ ਦੂਰ ਦੁਰਾਡੇ ਕੋਨਿਆਂ ਤਕ ਪੰਜਾਬੀ ਦੇ ਪ੍ਰਚਾਲਣ ਅਤੇ ਵਿਕਾਸ ਦੇ ਰਾਹ ਵੀ ਪਧਰੇ ਕਰਦੇ ਹਨ। ਪਰ ਕੁਝ ਸਥਾਪਤ ਅਤੇ ਧਨਾਡ ਮਾਲਕਾਂ ਦੇ ਪਰਚਿਆਂ ਨੂੰ ਛੱਡ ਕੇ ਸਭ ਆਰਥਕ ਬੇਵੱਸੀ ਅਗੇ ਦਮ ਤੋੜ ਰਹੇ ਹਨ। ਪੰਜਾਬੀ ਸੂਬੇ ਦੀਆਂ ਵੱਖ ਵੱਖ ਸਰਕਾਰਾਂ ਵਲੋਂ ਵੀ ਇਹਨਾਂ ਪਰਚਿਆਂ ਵਲ ਪੁੱਜ ਕੇ ਬੇ-ਰੁਖੀ ਵਿਖਾਈ ਗਈ ਹੈ ਅਤੇ ਕੀ ਮਜਾਲ ਹੈ ਕਿ ਸਰਕਾਰ ਆਪਣੇ ਇਸ਼ਤਿਹਾਰਾਂ ਦਾ ਮੂੰਹ ਵੀ ਇਹਨਾਂ ਪਰਚਿਆਂ ਨੂੰ ਦਖਾਵੇ।

ਇਸ ਪਾਸੇ ਧਿਆਨ ਦੇਣਾ ਸਰਕਾਰ ਦਾ ਚਿਰੋਕਾ ਫਰਜ ਸੀ ਪਰ ਜੇ ਸਰਕਾਰ ਇਹ ਗਲ ਸੁਨਣ ਲਈ ਤਿਆਰ ਨਹੀਂ ਤਾਂ ਸਭ ਪਰਚਿਆਂ ਦਾ ਸਾਂਝਾ ਤੇ ਨੇਕ ਫਰਜ਼ ਬਣਦਾ ਹੈ ਕਿ ਉਹ ਇਸ ਸਬੰਧ ਵਿਚ ਮਿਲਵੀਂ ਆਵਾਜ਼ ਉਚੀ ਕਰਨ।

—ਜਗਦੀਸ਼ ਸਿੰਘ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

Sri Satguru Jagjit Singh Ji Elibrary NamdhariElibrary@gmail.com

ਵਰਿਆਮ ਨੂੰ ਸਹਿਯੋਗ

—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਪੁਰਬ ਸਮੇਂ ਗੁਰਦੁਆਰਾ ਨਾਮਧਾਰੀ ਬਸਤੀ ਬੂਰੇ ਖਾਂ ਜਲੰਧਰ ਵਿਚ ਦੀਵਾਨ ਸਜੇ। ਇਸ ਅਵਸਰ ਤੇ 'ਵਰਿਆਮ' ਨੂੰ ਇੱਕੀ ਰੁਪਏ ਦਾ ਸਹਿਯੋਗ ਦਿਤਾ ਗਿਆ।

—ਸ: ਸਰੋਣ ਸਿੰਘ ਜੀ ਜਲੰਧਰ ਵਲੋਂ ਪੋਤਰਾ (ਸਪੁਤਰ ਸ. ਨਿਰਮਲ ਸਿੰਘ) ਹੋਣ ਦੀ ਖੁਸ਼ੀ ਵਿਚ ਘਰ ਵਿਚ ਆਸਾ ਦੀ ਵਾਰ ਦਾ ਕੀਰਤਨ ਤੇ ਲੰਗਰ ਦਾ ਪ੍ਰੋਗਰਾਮ ਕੀਤਾ ਗਿਆ ਇਸ ਅਵਸਰ ਤੇ 'ਵਰਿਆਮ' ਨੂੰ ਇਕੀ ਰੁਪਏ ਦਿਤੇ ਗਏ।

—ਚੰਡੀਗੜ੍ਹ ਦੀ ਨਾਮਧਾਰੀ ਸੰਗਤ ਵਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੂਰਬ ਨਾਮਧਾਰੀ ਧਰਮਸਾਲਾ ਵਿਚ ਧੂਮ ਧਾਮ ਨਾਲ ਮਨਾਇਆ ਗਿਆ। ਸਾਰਾ ਦਿਨ ਰੈ ਰਾਤ ਦੀਵਾਨ ਸਜੇ ਅਤੇ ਲੰਗਰ ਵਰਤਿਆ। 'ਵਰਿਆਮ' ਨੂੰ ਸਹਿਯੋਗ ਵਜੋਂ ਇੱਕੀ ਰੁਪ. ਭੇਜੇ ਗਏ।

—ਨਾਮਧਾਰੀ ਸੰਗਤ ਲੁਧਿਆਣਾ ਵਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਰਸਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ਼ਰਧਾ ਪੂਰਬਕ ਧੂਮ ਧਾਮ ਨਾਲ ਮਨਾਇਆ ਗਿਆ। ਵਰਿਆਮ ਵਾਸਤੇ ੩੧ ਰੁਪਏ ਭੇਜੇ ਗਏ।

—ਬੀਤੇ ਦਿਨੀਂ ਪਿੰਡ ਝੰਡੇਰਾਂ ਕਲਾਂ ਜ਼ਿਲਾ ਜਲੰਧਰ ਵਿਚ ਸ. ਮਹਿੰਦਰ ਸਿੰਘ ਨਾਮਧਾਰੀ ਰਾਇਪੁਰ ਡੱਬੇ ਵਾਲਿਆਂ ਦੇ ਸਪੁਤਰ ਸ: ਗੁਰਮੁਖ ਸਿੰਘ ਜੀ ਨੇ ਅਖੰਡ ਪਾਠ ਕਰਵਾਇਆ। ਸਤ ਪੂਰਨ ਸਿੰਘ ਜੀ ਗੱਤਰ ਪਧਾਣੇ ਵਾਲਿਆਂ ਕੀਰਤਨ ਕੀਤਾ। ਪੰਜਾਬ ਦੇ ਪ੍ਰਸਿਧ ਕਲ ਕਾਰ ਸ. ਰਛਪਾਲ ਸਿੰਘ ਪਾਲ ਨੇ ਵੀ ਸ਼ਬਦ ਗਾਇਣ ਕਰ ਕੇ ਰੰਗ ਬਨਿਆ। ਪਾਲ ਜੀ ਵਲੋਂ ਪੰਜਤਾਲੀ ਰੁਪਏ ਦਾ ਸਹਿਯੋਗ 'ਵਰਿਆਮ' ਨੂੰ ਇਸ ਸਬੰਧ ਵਿਚ ਪ੍ਰਾਪਤ ਹੋਇਆ ਹੈ।

—ਜੰਮੂ—ਬੀਬੀ ਮਾਨ ਕੌਰ ਜੀ ਜੰਮੂ ਵਾਲੇ ਸੇਵਾ ਅਤੇ ਤਿਆਗ ਕਰ ਕੇ ਬਹੁਤ ਹਰਮਨ ਪਿਆਰੇ ਵਿਅਕਤੀ ਸਨ। ਪਿਛਲੇ ਦਿਨੀਂ ਉਹਨਾ ਦੇ ਜੰਮੂ ਵਿਚ ਅਕਾਲ ਚਲਾਣੇ ਨਾਲ ਬਹੁਤ ਸ਼ੋਕ ਫੈਲਿਆ।

ਉਹਨਾਂ ਨਮਿਤ ਉਹਨਾਂ ਦੇ ਵੀਰ ਸ. ਕਰਤਾਰ ਸਿੰਘ ਆਫ ਫਰੀ ਇੰਡੀਆ ਗਨ ਮੈਨੂਫੈਕਚਰਰਜ਼ ਵਲੋਂ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਵਰਿਆਮ ਵਾਸਤੇ ਇਸ ਸਮੇਂ ਇਕਵੰਜਾ ਰੁਪਏ ਸਹਿਯੋਗ ਵਜੋਂ ਕਢੇ ਗਏ।

—ਪਿਛਲੇ ਦਿਨੀਂ ਸ੍ਰੀ ਭੈਣੀ ਸਾਹਿਬ ਵਿਚ ਸੰਤ ਇੰਦਰ ਸਿੰਘ ਜੀ ਮੰਡੀ (ਹਿਮਾਚਲ) ਦੇ ਸਪੁਤਰ ਸ: ਦਲੀਪ ਸਿੰਘ ਦਾ ਅਨੰਦ ਕਾਰਜ ਬੀਬੀ ਜੁਗਿੰਦਰ ਕੌਰ ਸਪੁਤਰੀ ਸੇਠ ਜੈ ਦਿਆਲ ਸਿੰਘ ਵਾਚਲੜਾ ਨਾਲ ਹੋਇਆ ਇਸ ਅਵਸਰ ਤੇ ਸੰਤ ਇੰਦਰ ਸਿੰਘ ਜੀ ਵਲੋਂ ਵਰਿਆਮ ਨੂੰ ੧੧ ਰੁਪਏ ਭੇਂਟ ਕੀਤੇ ਗਏ।

—ਵਰਿਆਮ ਦੇ ਪਰਮ ਸਨੇਹੀ, ਠੇਕੇਦਾਰ ਗੁਰਬਚਨ ਸਿੰਘ ਰਾਜੋਰੀ ਗਾਰਡਨ ਨਵੀਂ ਦਿੱਲੀ ਵਾਲਿਆਂ ਦੇ ਸਪੁਤਰ ਗੁਰਨਾਮ ਸਿੰਘ ਦਾ ਆਨੰਦ ਕਾਰਜ ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਪਰਮਜੀਤ ਕੌਰ ਸਪੁਤਰੀ ਸ: ਗੁਰਦਿਆਲ ਸਿੰਘ (ਨਵਯੁਗ ਸਾਈਕਲ) ਲੁਧਿਆਣਾ ਨਾਲ ਹੋਇਆ। ਠੇਕੇਦਾਰ ਜੀ ਵਲੋਂ ਵਰਿਆਮ ਨੂੰ ੫੧ ਰੁਪਏ ਦਾ ਸਹਿਯੋਗ ਦਿਤਾ ਗਿਆ।

—ਸੂਬਾ ਹਰਬੰਸ ਸਿੰਘ ਦੇਸ਼ੀ, ਲਖਨਊ, ਵਰਿਆਮ ਦੇ ਵਿਸ਼ੇਸ਼ ਹਿਤੂਆਂ ਵਿਚੋਂ ਹਨ। ਆਪ ਨੇ ਵਰਿਆਮ ਵਾਸਤੇ ੧੦੦ ਰੁ. ਦੀ ਸਹਾਇਤਾ ਭੇਜੀ ਹੈ.....ਧੰਨਵਾਦ। ●

ਡੁਬਦੇ ਸੂਰਜ ਨਹੀਂ ਵੇਖੀਦੇ

ਤੋਂ ਪਿਛੋਂ

ਜਲਦੀ ਛੱਪ ਕੇ ਆ ਰਹੀ ਹੈ

ਰਾਜਬੀਰ ਦੀ ਦੂਸਰੀ ਕਾਵਿ-ਪੁਸਤਕ

ਕਿਤੇ ਨਾ ਪਹੁੰਚਣ ਵਾਲੀ ਸੜਕ

੩੦ ਸਫੇ, ਵਧੀਆ ਦੱਖ

ਕੀਮਤ ੧੦ ਰੁਪਏ

ਪ੍ਰਕਾਸ਼ਨ : ਨਾਨਕ ਸਿੰਘ ਪੁਸਤਕ ਮਾਲਾ

ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

ਕਾਫੀ ਸਮੇਂ ਤੋਂ ਪਾਠਕਾਂ ਦੀਆਂ ਰਾਵਾਂ ਅਸੀਂ ਪ੍ਰਕਾਸ਼ਤ ਨਹੀਂ ਕਰ ਸਕੇ। ਪ੍ਰਤਿਕ੍ਰਿਆ ਕਾਲਮ ਵਿੱਚ ਪੁਰਾਣੀਆਂ ਚਿਠੀਆਂ ਦੇ ਆਧਾਰ ਤੇ ਪਾਠਕਾਂ ਦੇ ਦ੍ਰਿਸ਼ਟੀ ਕੋਣ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ

ਪ੍ਰਤੀਕ੍ਰਿਆ

ਸੂਬਾ ਸਾਹਿਬ ਸਿੰਘ ਅੰਕ

ਵਰਿਆਮ, ਸਦਕਾ ਤੁਹਾਡੀ ਸੰਗਤ ਮਹਾਂਪੁਰਖਾਂ ਦੀ ਸੰਗਤ, ਤਾਰਕਰਦਗੀ ਦੇ ਝਲਕਾਰਿਆਂ ਨਾਲ ਸਰਸ਼ਾਰ ਹੋ ਜਾਈਦਾ ਹੈ। ਨਵੰਬਰ ਦੇ ਸੂਬਾ ਸਾਹਿਬ ਸਿੰਘ ਜੀ ਅੰਕ ਵਿਚ

"ਮਿਟ ਗਏ ਜੋ ਵਤਨ ਦੀ ਦਿਜ਼ਤ ਲਈ
ਯਾਦ ਉਹਨਾਂ ਦੀ ਸਦਾ ਸਜਗੀ ਰਹੇ, ਮਘਦੀ ਰਹੇ।"

ਦੇ ਪਹਿਲੇ ਵਾਕਾਂ ਨੂੰ ਸਿਰਲੇਖ ਤੋਂ ਅੰਤ ਤੀਕਰ ਤੁਸੀਂ ਨਿਭਾਅ ਦਿਤਾ। ਹਜ਼ੂਰ ਬਾਬਾ ਜਗਜੀਤ ਸਿੰਘ ਜੀ ਦੀ ਤਸਵੀਰ ਦੇ ਕੇ ਮਾਨੋਂ ਤੁਸੀਂ ਸ਼ਰਧਾਲੂ ਹਿਰਦਿਆਂ ਨੂੰ ਠਾਰਿਆ ਹੈ। ਕਵੀ ਜੀ ਤਾਂ ਯਾਤਰਾ ਦਾ ਅਨੰਦ ਪਾਠਕਾਂ ਨਾਲ ਸਾਂਝਾ ਕਰ ਗਏ। ਨੈਸ਼ਨਲ ਚੈਪੀਅਨ ਤੁਝੰਗੀਆ ਨੂੰ ਸ਼ਾਬਾਸ਼। ਦਿਖ, ਸੁਚੱਜੀ ਦਿਓਂਤ ਤੇ ਨਿਗਰ ਸਮਗਰੀ ਲਈ ਮੁਬਾਰਕ। ਦਸੰਬਰ ਅੰਕ ਕਵੀ ਜੀ ਨੇ ਬੀਤੇ ਦੀਆਂ ਪੈੜਾਂ ਦੇ ਦਰਸ਼ਨ ਕਰਵਾਏ। ਗੁਰੂ ਵਾਲਿਆਂ ਦੀ ਅਡੋਲ ਅਖੰਡ ਦ੍ਰਿਤਤਾ ਦੇ ਦਰਸ਼ਨ। ਤਰਲੋਕ ਮਨਸੂਰ ਭੀ ਸਾਨੂੰ ਬੀਤੇ ਦੀ ਮਹਿਕ ਦਾ ਝਉਂਕਾ ਚੋਣ ਵਿਚ ਸਫਲ ਰਹੇ ਹਨ। ਵਿਰਦੀ ਦਾ ਨਵਾਂ ਕਾਲਮ ਖਿਚਦਾ ਹੈ। ਦਮੋਦਰ ਨਦੀ ਬਾਰੇ ਕਿਤਾਬਚਾ ਭੇਜਣ ਦਾ ਉਹਦੇ ਨਾਲ ਮੇਰਾ ਵਾਅਦਾ ਬਕਾਇਆ ਹੈ ਦੂਜੇ ਸੰਸਾਰ ਪੁਰ ਦੀ ਲਭਤ ਲਈ ਧੰਨਵਾਦ। ਵਰਿਆਮ ਦੀ ਚੜਦੀ ਕਲਾ ਦੀ ਕਾਮਨਾ ਕਰਦਾ ਹਾਂ।

ਕੁਲਦੀਪ ਸਿੰਘ ਮੀਲੂ
(ਰਾਮਗੜ ਬਿਹਾਰ)

——

ਵਰਿਆਮ ਦਾ ਸੂਬਾ ਸਾਹਿਬ ਸਿੰਘ ਅੰਕ ਮਿਲਿਆ। ਮੁਹੱਬਰ ਲਈ ਦਿਲੋਂ ਧੰਨਵਾਦ। ਅੰਕ ਦੀ ਸਾਮਗਰੀ ਚੋਣ ਤੇ ਤਰਤੀਬ ਤੁਹਾਡੀ ਯੋਗਿਤਾ ਦੀ ਮੂੰਹ ਬੋਲਦੀ ਤਸਵੀਰ ਹੈ। ਦਿੱਖ ਕਾਲਜੇ ਨੂੰ ਧੂ ਪਾਉਂਦੀ ਹੈ। ਸਤਿਗੁਰਾਂ ਦੀ ਜਲਾਵਤਨੀ ਦਾ ਦ੍ਰਿਸ਼ ਅੱਖਾਂ ਦੇ ਸਾਹਮਣੇਂ ਪਹਿਲੀ ਜੰਗਿ ਆਜ਼ਾਦੀ ਦੀ ਤਸਵੀਰ ਮੂਰਤੀ ਮਾਨ ਕਰਦਾ ਹੈ। ਆਪ ਦੀ ਬੇਨਜ਼ੀਰ ਮਿਹਨਤ, ਸੁਚੱਜਤਾ ਅਤੇ ਪ੍ਰਵੀਨਤਾ ਨੂੰ ਦੀਪਕ ਜੈਤੋਈ ਨਮਸਕਾਰ ਕਰਦਾ ਹੈ।

ਦੀਪਕ ਜੈਤੋਈ
ਜੈਤੋ ਕੰਗਸਰ (ਫਰੀਦਕੋਟ)

——

ਵਰਿਆਮ ਦਾ ਸੂਬਾ ਸਾਹਿਬ ਸਿੰਘ ਅੰਕ ਰੁਝੇਵਿਆਂ ਕਾਰਨ ਮੈਂ ਜ਼ਰਾ ਲੇਟ ਹੀ ਪੜ੍ਹ ਸਕਿਆ ਹਾਂ। ਪਰ ਇਸ ਨੂੰ ਪੜ੍ਹ ਕੇ ਇਸ ਵਿਸ਼ੇ ਤੇ ਮੇਰੀ ਜਾਣਕਾਰੀ ਵਿਚ ਜਿਨਾਂ ਹੀ ਵਾਧਾ ਹੋਇਆ ਹੈ। ਜਿਸ ਲਈ ਮੈਂ ਆਪ ਦਾ ਧਨਵਾਦੀ ਹਾਂ ਅਤੇ ਸ਼ਲਾਘਾ ਕੀਤੇ ਬਿਨਾ ਨਹੀਂ ਰਹਿ ਸਕਦਾ।

ਵਰਿਆਮ ਦਾ ਇਹ ਇਤਿਹਾਸਕ ਅੰਕ ਸਾਂਭ ਕੇ ਰਖਣ ਯੋਗ ਹੈ।

ਗੁਲਚਰਨ ਸਿੰਘ
(ਲੈ: ਕਰਨਲ ਰਟਾਇਰਡ, ਜਲੰਧਰ)

——

ਇਤਿਹਾਸ ਕਾਰ ਦੀ ਅੱਖ ਤੋਂ :

ਨਾਮਧਾਰੀ ਸੂਬਾ ਸਾਹਿਬ ਸਿੰਘ ਜੀ ਅੰਕ ਕਢਣ ਸਬੰਧੀ ਮੇਰੀ ਵਲੋਂ ਬਹੁਤ ਬਹੁਤ ਵਧਾਈ।

ਨਾਮਧਾਰੀ ਇਤਿਹਾਸ ਵਿਚ ਹਰ ਇਕ ਸੂਬੇ ਦਾ ਆਪਣਾ ਆਪਣਾ ਅਸਥਾਨ ਹੈ। ਬਹੁਤ ਹੀ ਚੰਗੀ ਗਲ ਹੋਵੇਗੀ ਜੇ ਕਰ ਆਪ ਸੂਬਿਆਂ ਸਬੰਧੀ ਹੋਰ ਵਾਕਫੀ ਅਤੇ ਪ੍ਰਸਿਧ ਨਾਮਧਾਰੀਆਂ ਦੀਆਂ ਜੀਵਨੀਆਂ ਵਰਿਆਮ ਦੇ ਹਰ ਅੰਕ ਵਿਚ ਕੱਢਦੇ ਰਹੋ। ਮੇਰੀ ਵਲੋਂ ਮੁਭ ਧਨਵਾਦ ਅਤੇ ਵਧਾਈਆਂ।

ਨਾਹਰ ਸਿੰਘ ਐ.ਮ ਏ.
ਨਵੀਂ ਦਿਲੀ

——

Sri Satguru Jagjit Singh Ji Elibrary NamdhariElibrary@gmail.com

ਸੂਬਾ ਸਾਹਿਬ ਸਿੰਘ ਅੰਕ ਉਤੇ ਜਿਨੀ ਮਿਹਨਤ ਹੋਈ ਹੈ ਇਹ ਸਿਰਫ ਰੁਸੀਂ ਹੀ ਕਰ ਸਕਦੇ ਸੋ। ਬਹੁਤ ਸੁੰਦਰ ਬਹੁਤ ਪਿਆਰ ਬਹੁਤ ਰੋਚਕ ਸਮਗਰੀ। ਵਧਾਈ।

ਤਰਲੋਕ ਮਨਸੂਰ
ਗੋਤ ਗੰਜ (ਨੈਨੀਤਾਲ)

——

ਵਰਿਆਮ ਨੂੰ ਸ਼ੁਧ ਅਰਥਾਂ ਵਿਚ ਰੁਸੀਂ 'ਵਰਿਆਮ' ਬਣਾ ਕੇ ਰੱਖਿਆ ਹੈ ਅਤੇ ਹੱਕ ਦੀ ਆਵਾਜ਼ ਅੰਬਰ ਛੋਹ ਕੇ ਧਰਤੀ ਦੀ ਜੈ ਜੈ ਕਰ ਰਹੀ ਹੈ। ਸਮੇ ਦਾ ਸੁਭਾਰੂ ਸਾਹਿਤ ਹੀ ਅਮਰ ਸਾਹਿਤ ਬਣਿਆ ਹੈ ਸ਼ਰਤ ਇਹ ਹੈ ਕਿ ਉਹ ਪਹਿਲਾ ਸਾਹਿਤ ਹੋਵੇ ਪਾਰਟੀਆ ਦੀ ਨਾਹਰੇਬਾਜੀ ਨਹੀਂ। ਜ਼ਿੰਦਗੀ ਦੀ ਮਿਹਨਤ ਦੀ ਹਕੀਕਤ ਦੀ ਨਾਹਰੇਬਾਜੀ ਹੋਵੇ। ਮੇਰੀਆ ਸ਼ੁਭ ਇਛਿਆਵਾਂ ਸਦਾ ਨਾਲ ਸਮਝਣੀਆਂ।

ਜਸਵੰਤ ਸਿੰਘ ਰਾਹੀ
ਡੇਰਾ ਬਾਬਾ ਨਾਨਕ

——

ਸੂਬਾ ਸਾਹਿਬ ਸਿੰਘ ਅੰਕ ਪ੍ਰਾਪਤ ਹੋਇਆ। ਪੜ੍ਹਿਆ ਅਤੇ ਬਹੁਤ ਹੀ ਆਨੰਦ ਆਇਆ। ਸਾਡੀ ਸਤਿਗੁਰ ਸਚੇ ਪਾਤਸ਼ਾਹ ਜੀ ਅਗੇ ਇਹੀ ਅਰਦਾਸ ਹੈ ਕਿ ਵਰਿਆਮ ਇਸੇ ਤਰਹਾਂ ਦੇ ਚੰਗੇ ਚੰਗੇ ਅੰਕ ਕਢਦਾ ਰਹੇ।

ਅਤਿੰਦਰਪਾਲ ਸਿੰਘ
ਕੂਪਾਲ

——

'ਵਰਿਆਮ' ਦਾ 'ਸੂਬਾ ਸਾਹਿਬ ਸਿੰਘ ਅੰਕ' ਪ੍ਰਾਪਤ ਹੋਇਆ। ਬਹੁਤ ਬਹੁਤ ਧੰਨਵਾਦ। ਇਹ ਅੰਕ ਖੂਬਸੂਰਤੀ, ਉੱਚ ਪਾਏ ਦੀ ਸਾਹਿਤਿਕ ਸਾਮਗਰੀ ਦੇ ਪਖੋਂ ਅਪਣੀ ਮਿਸਾਲ ਆਪ ਹੈ।

ਵਰਿਆਮ ਦੀ ਚੜ੍ਹਦੀ ਕਲਾ ਦਾ ਚਾਹਵਾਨ।

ਸਾਹਿਬ ਸਿੰਘ ਸੁੱਖ
ਗੁਮਥਲਾ ਕਲਾ

——

ਬੇਧਿਆਨੀ

ਜੇ ਇਹ ਨਹੀਂ, ਰੁਸੀਂ ਪਰਚੇ ਦੀ ਸਾਹਿਤਕਤਾ ਵਲ ਉਚੇਚਾ ਧਿਆਨ ਨਹੀਂ ਦੇ ਰਹੇ ਤਾਂ ਸ਼ਾਇਦ ਤੁਹਾਨੂੰ ਚੰਗਾ ਚੰਗਾ ਨਾ ਲਗੇ, ਪਰ ਮੇਰੇ ਬਹੁਤ ਸਾਰੇ ਮਿੱਤਰਾਂ ਦੀ ਇਹ ਸੋਚ ਹੈ, ਜਿਹੜੀ ਮੈਂ ਤੁਹਾਡੇ ਤੀਕ ਪਹੁੰਚਾਉਣੀ ਆਪਦਾ ਫਰਜ਼ ਸਮਝਦਾ। ਲੇਖਾਂ ਵਲੋਂ ਸਹਿਯੋਗ ਨਾ ਮਿਲ ਸਕਣ ਦਾ ਰੋਸ ਵੀ ਰੁਸੀਂ ਨਹੀਂ ਕਰ ਸਕਦੇ ਕਿਉਂਕਿ ਚਰਚਿਤ ਲੇਖਕ ਤੁਹਾਡੇ ਪਰਚੇ 'ਚ ਛੱਪਦੇ ਰਹੇ ਹਨ। ਦੂਜੇ, ਛਪਾਈ ਵਲ ਵੀ ਉਚੇਚਾ ਧਿਆਨ ਦਿਆ ਕਰੋ। ਸਾਹਿਤਕ ਫੀਚਰ ਹੋਰ ਸ਼ੁਰੂ ਕਰੋ।

ਇਕਬਾਲ ਸਿੰਘ ਨਵੀਂ ਦਿੱਲੀ

——

ਦਸੰਬਰ ਅੰਕ

'ਵਰਿਆਮ' ਨੇ ਨਾਮਧਾਰੀ ਜਗਤ ਦੀਆਂ ਸਾਹਿਤ-ਲੋੜਾਂ ਨੂੰ ਪੂਰਾ ਕਰਦਿਆਂ ਹੋਇਆਂ ਵੀ, ਸਮੁਚੇ ਸਾਹਿਤ-ਸੰਸਾਰ ਵਿਚ ਆਪਣੀ ਥਾਂ ਬਣਾ ਲਈ ਹੈ। ਪਰ ਕਿਧਰੇ ਕਿਧਰੇ ਕਾਲਮਾਂ ਦਾ ਸੰਤੁਲਨ ਰੁਸੀਂ ਵਿਗਾੜ ਦੇਂਦੇ ਹੋ। ਇਸ ਵਾਰੀ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਲੇਖ ਨੇ ਕੁਝ ਅਜੇਹਾ ਹੀ ਕੀਤਾ ਹੈ। ਭਾਵੇਂ ਇਹ ਲੇਖ ਆਪਣੇ ਆਪ ਵਿਚ ਮਹਤਵ-ਪੂਰਨ ਵੀ ਹੈ ਤੇ ਇਕ ਵਰਗ ਦੇ ਪਾਠਕਾਂ ਲਈ ਜ਼ਰੂਰੀ ਜਾਣਕਾਰੀ ਵਾਲਾ ਵੀ ਪਰ ਇਸਨੇ ਪਰਚੇ ਦੀ ਸਮੁੱਚੀ ਦਿਖ ਵਿਗਾੜ ਦਿਤੀ ਹੈ। ਧਾਰਮਿਕ ਮਜਬੂਰੀ ਕਾਰਨ ਤੁਹਾਨੂੰ ਛਾਪਣਾ ਤਾਂ ਪਵੇਗਾ ਹੀ ? ਉਂਝ ਭਾਵੇਂ "ਦੂਸਰਾ ਸੰਸਾਰਪੁਰ-ਜੀਵਨ ਨਗਰ" ਲੇਖ ਦੀ ਨਾਮਧਾਰੀ ਸਮਾਜ ਨਾਲ ਸਬੰਧ ਰਖਦਾ ਹੈ, ਪਰ ਉਹਦਾ ਇਕ ਵਖਰਾ ਪਸਾਰ ਹੈ ਜਿਹੜਾ ਉਸਨੂੰ ਇਥੋਂ ਤਕ ਸੀਮਤ ਨਹੀਂ ਰਹਿਣ ਦਿੰਦਾ। ਜਸਵੰਤ ਸਿੰਘ ਵਿਰਦੀ ਦੇ ਵਗਦੇ ਪਾਣੀ ਛਾਪ ਕੇ ਜਿਥੇ ਹਰ ਵਾਰ ਰੁਸੀਂ ਪਾਠਕਾਂ ਦੀ ਭਗੋਲਕ-ਜਾਣਕਾਰੀ ਵਿਚ ਵਾਧਾ ਕਰਦੇ ਹੋ ਉਥੇ ਇਹਨਾਂ ਦੇ ਲੇਖਣ ਵਿਚ ਛੁਪੀ ਅਨੰਦਤ ਧੁਨੀ ਵੀ ਪਾਠਕ ਲਈ ਅਣਮੁਲੀ ਹੈ।

ਤਰਲੋਕ ਮਨਸੂਰ ਦਾ ਲੇਖ ਸਰਦਾਰ ਭਗਤ ਸਿੰਘ ਦੀ ਸ਼ਖਸੀਅਤ ਦੇ ਕੁਝ ਛੁਪੇ ਪਹਿਲੂਆਂ ਵਲ ਸੰਕੇਤ ਕਰ ਰਿਹਾ ਹੈ, ਜਿਸ ਨਾਲ ਇਸ ਵਿਸ਼ੇ ਤੇ ਹੋਰ ਖੋਜ ਦੀ ਲੋੜ ਭਲੀ ਭਾਂਤ ਮਹਿਸੂਸ ਹੋ ਰਹੀ ਹੈ।

'ਉਖੜੇ ਸਾਹਾਂ ਦੀ ਵਾਪਸੀ' ਵਿਚ ਇਕ ਦਰਦਨਾਕ ਤੇ ਹੈਰਾਨਕੁਨ ਘਟਨਾ ਨੂੰ ਲੋੜੀਂਦੇ ਸ਼ਬਦ ਤੇ ਥਹਾ ਨਹੀਂ ਮਿਲ ਸਕਿਆ। ਫੈਸਲਾ ਕਹਾਣੀ ਵਧੀਆ ਹੈ।

ਬਲਕਾਰ ਸਿੰਘ
ਗੌ: ਪ੍ਰਾਇਮਰੀ ਸਕੂਲ
ਟਾਹਲੀ (ਜਲੰਧਰ)

——

Sri Satguru Jagjit Singh Ji Elibrary NamdhariElibrary@gmail.com

ਆਪਣੀ ਰਵਾਇਤ ਅਨੁਸਾਰ ਹੀ 'ਵਰਿਆਮ' ਦਾ ਦਸੰਬਰ ਅੰਕ ਵੀ ਸਾਹਿਤ ਅਤੇ ਇਤਿਹਾਸ ਦੇ ਸੁਮੇਲ ਵਜੋਂ ਹੀ ਪੇਸ਼ ਹੈ--ਪਰ ਇਸ ਵਾਰ ਇਤਿਹਾਸਕਤਾ ਕੁਝ ਭਾਰੂ ਵੀ ਰਹੀ ਹੈ ਤੇ ਕੁਝ ਵਿਸ਼ੇਸ਼ ਪਹਿਲੂਆਂ ਨੂੰ ਸਾਕਾਰ ਵੀ ਕਰਦੀ ਹੈ। ਤਰਲੋਕ ਮਨਸੂਰ ਦੀ ਮੁਲਾਕਾਤ 'ਯਾਦ ਬਾਕੀ ਹੈ' ਭਾਵੇਂ ਖੁਦ ਕੋਈ ਮਾਰੂਕੇ ਵਾਲਾ ਇਤਿਹਾਸਕ ਰੱਹਸ ਨਹੀਂ ਖੋਹਲਦੀ ਫੇਰ ਵੀ ਅਜੇਹੀ ਸੰਭਾਵਨਾ ਵਲ ਸੰਕੇਤ ਜ਼ਰੂਰ ਕਰਦੀ ਹੈ।

ਪ੍ਰੀਤਮ ਸਿੰਘ ਕਵੀ ਹੋਰਾਂ ਦੀ ਡਾਇਰੀ ਦਾ ਹਿੱਸਾ ਜਿਹੜਾ ਤੁਸੀਂ "ਬੀਤੇ ਦੀਆਂ ਪੈੜਾਂ" ਦੇ ਸਿਰਲੇਖ ਹੇਠ ਛਾਪਿਆ ਹੈ ਭਾਵੇਂ ਕੁਹਾਡੇ ਆਪਣੇ ਅੰਦਾਜ਼ੇ ਅਨੁਸਾਰ ਹੀ ਇਹ ਪਾਠਕਾਂ ਦੇ ਇਕ ਵਰਗ ਲਈ ਅਨੰਦਤ ਹੋਵੇਗਾ ਪਰ ਫੇਰ ਵੀ ਇਸਦਾ ਏਨਾ ਕੁ ਇਤਿਹਾਸਕ ਮਹੱਤਵ ਹੈ ਜਿਹੜਾ ਪਾਠਕਾਂ ਦੇ ਗੰਭੀਰ ਹਲਕਿਆਂ ਲਈ ਲਾਹੇਵੰਦਾ ਹੈ। ਇਸ ਵਿਚ ਜਿਥੇ ਨਾਮਧਾਰੀ ਲਹਿਰ ਦੇ ਕਈ ਗੁੱਝੇ ਤੱਤ ਸਾਂਭੇ ਪਏ ਹਨ ਉਥੇ ਇਸ ਲਹਿਰ ਵਲ ਵਖ ਵਖ ਵਿਅਕਤੀਆਂ ਤੇ ਪਾਰਟੀਆਂ ਦੀ ਪਹੁੰਚ ਅਤੇ ਸਬੰਧਾਂ ਦਾ ਯਥਾਰਥਕ ਵੇਰਵਾ ਵੀ ਉਪਲੱਬਧ ਹੈ। ਤੇ ਮਾਰੂਕੇ ਵਾਲੀ ਗੱਲ ਇਹ ਹੈ ਕਿ ਇਹ ਡਾਇਰੀ ਵਾਂਗ ਨਹੀਂ ਲਿਖੀ ਗਈ। ਇਸ ਨੂੰ ਲਗਾਤਾਰ ਜਾਰੀ ਰਖਣਾ ਚਾਹੀਦਾ ਹੈ ਪਰ ਏਨੀਆਂ ਲੰਮੀਆਂ ਕਿਸ਼ਤਾਂ ਨਾ ਬਣਾਈਆਂ ਜਾਣ--ਇਸਦੇ ਹਿੱਸੇ ਛੋਟੇ ਕੀਤੇ ਜਾਣੇ ਚਾਹੀਦੇ ਹਨ।

ਜਸਵੰਤ ਵਿਰਦੀ ਦੀ ਕਹਾਣੀ 'ਫੈਸਲਾ' ਮੌਜੂਦਾ ਨਿਆਂ ਪ੍ਰਬੰਧ ਅਤੇ ਲੋਕਾਂ ਦੀ ਸੋਚ - ਸਥਿਤੀ ਉਤੇ ਗਹਿਰਾ ਕਟਾਕਸ਼ ਹੈ। ਨਿੱਕੇ ਨਿੱਕੇ ਮੱਟਿਫਾਂ ਤੇ ਉਸਰੀ ਕਹਾਣੀ ਜਲਪ ਬਿੰਬ ਸਿਰਜਣ ਵਿਚ ਵੀ ਸਫਲ ਰਹੀ ਹੈ।

ਤਰਸੇਮ ਸਿੰਘ
ਜੰਡਿਆਲਾ (ਜਲੰਧਰ)

ਕੁਹਾਡੀ ਪਤ੍ਰਿਕਾ ਦਾ ਅੰਕ ਮੈਨੂੰ ੩-੪ ਦਿਨਾਂ 'ਚ ਪ੍ਰਾਪਤ ਹੋਇਆ ਹੈ। ਮੈਂ ਅੰਕ ਪੜ੍ਹ ਕੇ ਤੁਹਾਡੇ ਆਪਣੇ ਸੰਪਾਦਨ ਬਾਰੇ ਆਪਣੀ ਇਹ ਰਾਏ ਕਾਇਮ ਕੀਤੀ ਹੈ ਕਿ ਤੁਸੀਂ ਆਪਣੇ ਢੰਗ ਦੀ ਸੰਪਾਦਨਾ ਅੱਛੀ ਤਰਾਂ ਕਰ ਸਕਦੇ ਹੋ। ਇਸ ਅੰਕ ਵਿਚ ਆਪਣੇ ਮਿੱਤਰ ਵਿਰਦੀ ਦੀ ਕਹਾਣੀ "ਫੈਸਲਾ" ਦਾ ਅੰਤ ਮੈਨੂੰ ਪਸੰਦ ਨਹੀਂ ਆਇਆ। ਵਿਰਦੀ ਦੀ ਰਚਨਾ ਵਿਚ ਸ਼ਾਇਦ ਵਿਰਦੀ ਆਪ ਹੀ ਅੰਤ ਵਿਚ ਜਾਕੇ ਕੁਝ ਵਿਖਰ ਜਿਹਾ ਗਿਆ ਹੈ।

ਹੰਸ ਰਾਜ ਅਰੋੜਾ
ਕਲਕੱਤਾ

ਸੰਸਾ ਨਵਿਰਤ ਕਰੋ

ਯਾਦ ਬਾਕੀ ਹੈ ਸਰਲੇਖ ਹੇਠ ਇਕ ਮੁਲਾਕਾਤ ਜਨਾਬ ਤਰਲੋਕ ਮਨਸੂਰ ਸਾਹਿਬ ਦੀ ਮਹਾਨ ਸ਼ਹੀਦ ਭਗਤ ਸਿੰਘ ਜੀ ਦੇ ਛੋਟੇ ਭਰਾ ਸ੍ਰੀ ਰਨਬੀਰ ਜੀ ਨਾਲ ਪ੍ਰਕਾਸ਼ਤ ਹੋਈ ਹੈ। ਦਸੰਬਰ ੧੯੭੯ ਦੇ ਪਰਚੇ ਵਿਚ ਛਪੀ ਹੈ। ਇਹ ਬੜੀ ਪਿਆਰੀ ਲਿਖਤ ਹੈ ਪਰ ਇਸ ਵਿਚ ਇਕ ਗੱਲ ਦਾ ਮੈਂ ਆਪ ਪਾਸੋਂ ਸੰਸਾ ਨਵਿਰਤ ਕਰਾਉਣਾ ਚਾਹੁੰਦਾ ਹਾਂ। ਤਰਲੋਕ ਮਨਸੂਰ ਜੀ ਨੇ ਲਿਖਿਆ ਹੈ ਇਕ ਵਾਰ ਜਿਥੇ ਭਗਤ ਸਿੰਘ ਦੀ ਮਾਂ ਮੁਲਾਕਾਤ ਕਰਨ ਜਾਂਦੀ ਹੈ ਮੁਲਾਕਾਤ ਇਸ ਬਿਨਾ ਰੋ ਨਹੀਂ ਕਰਦੀ ਕਿ ਉਹਨਾਂ ਦੇ ਨਾਲ ਸ਼ਹੀਦ ਦੇ ਭਰਾ ਨੂੰ ਮੁਲਾਕਾਤ ਵਿਚ ਸ਼ਾਮਲ ਹੋਣ ਵਿਚ ਜੇਲਰ ਨੇ ਇਜਾਜ਼ਤ ਨਹੀਂ ਦਿਤੀ ਤੇ ਉਸੇ ਵੇਲੇ ਆਈ ਹੋਈ ਸ਼ਹੀਦ ਸੁਖਦੇਵ ਦੀ ਮਾਤਾ ਨੇ ਜੋ ਵਿਧਵਾ ਵੀ ਸੀ ਤੇ ਜਿਸ ਦਾ ਇਕੋ ਇੱਕ ਲੜਕਾ ਫਾਂਸੀ ਚੜ੍ਹ ਰਿਹਾ ਸੀ ਉਥੇ ਭਗਤ ਸਿੰਘ ਦੀ ਮਾਤਾ ਜੀ ਨੇ ਇਹ ਕਿਹਾ ਸੀ ਕਿ ਸੁਖਦੇਵ ਦੀ ਮਾਤਾ ਧਨ ਹੈ।

ਇੱਤ ਵਾਕ ਹੈ ਜੋ ਲਿਖਿਆ ਗਿਆ ਹੈ ਉਥੋਂ ਬੂ ਆਉਂਦੀ ਹੈ ਕਿ ਸ਼ਹੀਦ ਸੁਖਦੇਵ ਨੇ ਕੋਈ ਇਕਬਾਲੀ ਬਿਆਨ ਵਾਅਦਾ ਮੁਆਫ ਗਵਾਹ ਬਣਨ ਵਾਸਤੇ ਦੇ ਦਿਤਾ ਸੀ ਤਾਂ ਕਿ ਉਹ ਫਾਂਸੀ ਤੋਂ ਬਚ ਜਾਏ। ਜੇਕਰ ਸੁਖਦੇਵ ਦੀ ਮਾਤਾ ਜੀ ਉਸ (ਸੁਖਦੇਵ) ਨੂੰ ਫਟਕਾਰ ਨਾ ਪਾ ਕੇ ਸ਼ਹਾਦਤ ਦੇਣ ਲਈ ਤਿਆਰ ਨਾ ਕਰਦੀ ਤਾਂ ਸੁਖਦੇਵ ਨੇ ਐਸਾ ਹੀ ਕਰਨਾ ਸੀ ਜੋ ਬਹੁਤ ਬੁਰਾ ਹੋਣਾ ਸੀ।

ਮੈਂ ਆਪ ਜੀ ਕੋਲੋਂ ਖਾਸ ਕਰਕੇ ਤੇ ਵਰਿਆਮ ਦੇ ਸੂਝਵਾਨ ਪਾਠਕਾਂ ਤੇ ਲਿਖਾਰੀ ਵਿਦਵਾਨਾਂ ਤੋਂ ਆਮ ਕਰਕੇ ਇਸ ਸੰਸੇ ਦੀ ਨਵਰਤੀ ਚਾਹੁੰਦਾ ਕਿ ਕੀ ਇਸ ਵਾਕ ਦੇ ਪ੍ਰਮਾਣ ਮਿਲਦੇ ਹਨ ਕਿ ਸ਼ਹੀਦ ਸੁਖਦੇਵ ਵਾਕਈ ਇਸ ਹਦ ਤੱਕ ਪੁਜ ਗਿਆ ਸੀ। ਧੰਨਵਾਦ।

ਮੁਰਸ਼ਦ ਬੁਟਰਵੀ
ਬੁਟਰ ਸਿਵੀਆ ਬਿਆਸ
ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

ਆਪ ਦੇ ਪਰਚੇ ਵਿੱਚ 'ਇਕ ਮੁੱਠੀ ਅੰਗਿਆਰ' ਬਾਰੇ ਸੰਰਚਨਾ ਵਾਦ ਦੀ ਨਵੀਂ ਵਿਧੀ ਨਾਲ ਪੜਚੋਲ ਦੇਖ ਕੇ ਜੀਅ ਕੀਤਾ ਕਿ ਕਿਤਾਬ ਵਾਚੀ ਜਾਵੇ ਪਰ ਇਹ ਕਿਤਾਬ ਕਿਤੋਂ ਭੀ ਨਹੀਂ ਬਿਆਈ। ਮੇਰੇ ਕਈ ਸਾਥੀਆਂ ਨੇ ਸ਼ੰਕਾ ਜ਼ਾਹਰ ਕੀਤੀ ਕਿ ਇਹ ਕਿਤਾਬ ਹਾਲੇ ਤੱਕ ਛਪੀ ਭੀ ਨਹੀਂ। ਜੇ ਛਪੀ ਹੈ ਤਾਂ ਤੁਹਾਡੇ ਕੋਲ ਜਿਹੜੀ ਕਾਪੀ ਪੜਚੋਲ ਲਈ ਆਈ ਸੀ ਉਹ ਸਾਨੂੰ ਵੀ. ਪੀ. ਕਰਕੇ ਭੇਜ ਦਿਉ। ਭੇਜੋਗੇ ?

ਤੁਸੀਂ ਜਾਣਦੇ ਹੋ ਕਿ ਜਦੋਂ ਤੱਕ ਕਿਤਾਬ ਨਾ ਵਾਚੀ ਜਾਵੇ ਉਹਦੀ ਪੜਚੋਲ ਪੜਾਣ ਦਾ ਕੀ ਫੈਦਾ ? ਉਂ ਤਾਂ ਤੁਸੀਂ ਲੇਖਕ ਦੀ ਫੋਟੋ ਭੀ ਛਾਪੀ ਹੈ, ਪਰ ਕਿਤਾਬ ਕਿਥੇ ਐ ? ਤੁਹਾਡੇ ਸੁਜਾਨ ਰੀਵੀਊਕਾਰ ਨੇ ਜਿਸ ਸੰਰਚਨਾ ਵਿਧੀ ਨਾਲ ਇਕ ਬਿਨਾ ਛਪੀ ਕਿਤਾਬ ਬਾਰੇ ਪੜਚੋਲ ਕੀਤੀ ਹੈ। ਉਹਦੀ ਸਾਨੂੰ ਕੋਡੀ ਸਮਝ ਨਹੀਂ ਆਈ। ਤੁਹਾਨੂੰ ਆਈ ਹੋਵੇ ਤਾਂ ਸਾਨੂੰ ਵੀ ਦੱਸੋ। ਪਤਾ ਨਹੀਂ ਪੜਚੋਲੀਆ ਕਿਥੋਂ ਤੱਕ ਸਮਝਦਾ ਹੈ ? ਉਂ ਮੈਂ ਬਹੁਤੀ ਵਾਰ ਦੇਖਿਆ ਕਿ ਸਾਡੇ ਇਹ ਨਵੇਂ ਪੜਚੋਲੀਏ ਪੱਛਮੀ ਸਿਧਾਂਤਾਂ ਨੂੰ ਕਿਤਾਬਾਂ ਵਿੱਚੋਂ ਪੜ ਕੇ ਬਿਨਾ ਸਮਝਿਆਂ ਦੀ ਡਾਂਗਾਂ ਦੇ ਗਜ਼ਾਂ ਆਂਗ ਲਾਲੂ ਕਰੀ ਜਾਂਦੇ ਨੇ, ਭਾਵੇਂ ਕਵਿਤਾ ਹੋਵੇ ਤੇ ਭਾਵੇਂ ਗਜ਼ਲ। ਇਨਾਂ ਕੋਲ ਆਪਣੀ ਕੋਈ ਗੱਲ ਨਹੀਂ ?..... ਆਪਣੇ ਇਸ ਰੀਵੀਊ ਵਰਗੇ ਲੇਖ ਵਿੱਚ ਤੁਹਾਡੇ ਪੜਚੋਲੀਏ ਨੇ ਇੰਨੇ ਲਫਜ਼ ਲਿਖੇ, ਜਿਹੜੇ ਪੰਜਾਬੀ ਦੇ ਕਿਸੇ ਆਮ ਪਾਠਕ ਨੂੰ ਸਮਝ ਨਹੀਂ ਆ ਸਕਦੇ। ਏਦਾਂ ਦੇ ਲਫਜ਼ ਸਾਡੇ ਕਈ ਕਚ ਘਰਤ ਪੜਚੋਲੀਏ ਹਿੰਦੀ ਦੇ ਕੁੰਭਾ ਚੋਂ ਨਕਲ ਕਰਕੇ ਹੀ ਸਾਡੇ ਸੰਘੋਂ ਥੱਲੇ ਲੰਘਾਣ ਦੇ ਆਹੁਰ 'ਚ ਰਹਿੰਦੇ ਨੇ ..... ਉਹ ਅਭਿਵਿਅਕਤੀ ਨੂੰ ਪ੍ਰਗਟਾਵਾ ਤੇ ਮੂਸਤੁਤੀਕਰਣ ਨੂੰ ਪੇਸ਼ਕਾਰੀ ਲਿਖ ਦਿੰਦਾ ਤਾਂ ਸ਼ੈਤ ਉਹਦੀ ਵਿਦਵਤਾ ਨਾ ਉਘੜਦੀ। ਪਰ ਇਹ ਹੁਣਾਰੇ ਲਫਜ਼ ਉਹਦੀ ਕੀ ਮਦਦ ਕਰਦੇ ਨੇ। ਸੋਚੋ ਤਾਂ ਸਹੀ ਇਹ ਤਿੰਨ ਸਫੇ ਛਾਪ ਕੇ ਤੁਸੀਂ ਪੜਚੋਲੀਏ ਤੇ ਕਿੱਡਾ ਉਪਕਾਰ ਕੀਤਾ ? ਉਹਨੂੰ ਆਪਣੀ ਉਲਝੀ ਹੋਈ ਗੱਲ ਕਹਿਣ ਦਾ ਮੌਕਾ ਮਿਲ ਗਿਆ।..... ਇਹ ਤਿੰਨ ਸਫੇ ਛਾਪਣ ਲਈ ਪੈਸੇ ਪੜਚੋਲੀਏ ਮਹੌਦੇ ਨੇ ਤਾਂ ਨਹੀਂ ਦਿੱਤੇ ? ਜੇ ਨਹੀਂ ਦਿੱਤੇ ਤਾਂ ਤੁਸੀਂ ਡਾਵਕ ਹੋਵੇ ਹੀ ਆਦਾਰਾ ਵਰਿਆਮ ਦੀ ਠੇਕ ਕਮਾਈ ਦਾ ਘਾਣ ਕੀਤਾ ਹੋਊ। ਸਾਨੂੰ ਵੀ ਦਿਉ ਸੁਨਿਹਰੀ ਮੌਕਾ, ਅਸੀਂ ਭੀ ਤੋਤਾ ਮੈਨਾ ਦੀ ਕਵਿਤਾ ਬਾਰੇ ਪੜਚੋਲ ਕੀਤੀ ਹੈ।

ਜਿਸ ਤਰ੍ਹਾਂ ਵਸਤੂ ਜਾਂ ਰੂਪ ਦਾ ਵਖੇਵਾਂ ਕਾਵਿ ਰਚਨਾ ਨਾਲ ਨਿਆ ਨਹੀਂ ਕਰਦਾ ਸਕਦਾ, ਉਸੇ ਤਰ੍ਹਾਂ ਹੀ ਅਣਛਪੀ ਪੁਸਤਕ ਦਾ ਰੀਵੀਊ ਦੀ ਪਾਠਕਾਂ ਨਾਲ ਨਿਆ ਨਹੀਂ ਕਰ ਸਕਦਾ। ਰੀਵੀਊ ਲਫਜ਼ ਦਾ ਮਤਲਬ ਡਿਕਸ਼ਨਰੀ ਵਿਚ ਤਾਂ ਇਹੋ ਹੀ ਹੈ ਕਿ ਉਪ ਛਪੀ ਹੋਈ ਕਿਤਾਬ ਬਾਰੇ ਹੁੰਦਾ ਹੈ।

... ...

ਇਕ ਵਾਰ ਪ੍ਰਾਰਥਨਾ ਹੈ ਕਿ ਸਾਡੇ ਵਾਚਨ ਲਈ ਲੇਖਕ ਦੀ ਕਿਤਾਬ ਜ਼ਰੂਰ ਭੇਜੋ ਤਾਂ ਜੋ ਅਸੀਂ ਭੀ ਤੁਹਾਡੇ ਪੜਚੋਲੀਏ ਦੀ ਲਘੂ ਮਤ ਨਾਲ ਇਕ ਮਤ ਹੋ ਸਕੀਏ।

ਸੁਦੇਸ਼ ਕੁਮਾਰ ਮਖੂ

ਪਿਆਰੇ ਸੰਪਾਦਕ ਜੀ।

ਅੱਜ ਤੁਹਾਡੇ ਮੈਗਜ਼ੀਨ ਵਿਚ ਸਜਰੇ ਗ਼ਜ਼ਲ ਸੰਗ੍ਰਹਿ 'ਇਕ ਮੁਠੀ ਅਗਿਆਰ' ਦੇ ਸ਼ੇਅਰਾਂ ਦਾ ਰੀਵੀਊ ਪੜ੍ਹਿਆ। ਪੜ੍ਹਕੇ ਦਿਲ ਨੂੰ ਭਰੋਸਾ ਹੀ ਨਹੀਂ ਆ ਰਹਿਆ ਸੀ ਇਹ ਆਲੋਚਕ, ਕਵੀ ਜਸਵੰਤ ਬੇਗੋਵਾਲ ਹੀ ਹੈ ਜਾਂ ਕੋਈ ਹੋਰ ਆਲੋਚਕ। ਪਰ ਸ਼ਬਦਾਵਲੀ ਤੋਂ ਇਸ ਕਲ ਦੀ ਪ੍ਰਤੀਤੀ ਹੋਈ ਕਿ ਇਹ ਉਹ ਹੀ ਹਨ। ਜੇ ਤੁਸੀਂ ਇਉਂ ਦੇ ਰੀਵੀਊ ਨਵੇਂ ਪੁੰਗਰ ਰਹੇ ਆਲੋਚਕ/ਕਵੀ ਬਾਰੇ ਦਿਉ ਤਾਂ ਆਪ ਦਾ ਮੈਗਜ਼ੀਨ ਸਾਹਿਤ ਦੇ ਵਿਦਿਆਰਥੀਆਂ ਨੂੰ ਹਨੇਰੇ ਤੋਂ ਚਾਨਣ ਵਲ ਲਿਜਾ ਸਕਦਾ ਹੈ ਅਤੇ ਸਿਖਰਾਂ ਤੇ ਪੁਜ ਸਕਦਾ ਹੈ। ਬੇਗੋਵਾਲ ਆਪ ਇਕ ਕਵੀ ਹਨ, ਕਵੀ ਆਪ ਇਕ ਆਲੋਚਕ ਹੁੰਦਾ ਹੈ। ਉਨ੍ਹਾਂ ਨੇ ਭੱਟੀ ਦੇ ਸ਼ੇਅਰਾਂ ਦਾ ਪ੍ਰਸੰਸਾਤਮਕ ਪੱਖ ਹੀ ਨਹੀਂ ਲਿਆ ਬਲਕਿ ਉਨ੍ਹਾਂ ਦੇ ਨਕਾਰੀ ਪੱਖ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਉਨ੍ਹਾਂ ਦੇ ਨਿਰਪੱਖ ਹੋ ਕੇ ਪਰਖ ਪੜਚੋਲ ਕੀਤੀ ਇਹ ਉਨ੍ਹਾਂ ਦੀ ਆਪਣੀ ਹੰਢੀਵਰਤੀ ਅਨੁਭੂਤੀ ਦੀ ਅਭਿਵਿਅਕਤੀ ਹੈ। ਇਹ ਰੀਵੀਊ ਸਾਨੂੰ ਬੇਹਦ ਪਸੰਦ ਆਇਆ।

ਜਗਤਾਰ ਸਿੰਘ/ਭਗੀਰਥ ਜੋਸ਼ੀ
ਲਾਲੜੂ ਮੰਡੀ (ਪਟਿਆਲਾ)

Sri Satguru Jagjit Singh Ji Elibrary NamdhariElibrary@gmail.com

ਅਖਬਾਰਾਂ ਦੇ ਝਰੋਖੇ ਚੋਂ

ਜੱਗ ਬਾਣੀ ੬ ਦਸੰਬਰ੧ ੯੭੯

'ਵਰਿਆਮ' ਨੇ ਇਸ ਵਾਰ ਆਪਣਾ ਸਾਲਾਨਾ ਅੰਕ 'ਸੂਬਾ ਸਾਹਿਬ ਸਿੰਘ' ਨੂੰ ਸਮਰਪਤ ਕੀਤਾ ਹੈ। 'ਵਰਿਆਮ' ਇਸ ਪਰਚੇ ਨਾਲ ਪੰਜਵੇ ਸਾਲ ਵਿਚ ਦਾਖਲ ਹੋ ਰਿਹਾ ਹੈ ਜੋ ਪੰਜਾਬੀ ਪਰਚਿਆਂ ਦੀ ਹੁਣ ਦੀ ਦਸ਼ਾ ਨੂੰ ਵੇਖਦੇ ਹੋਏ ਬੜੀ ਉਤਸ਼ਾਹ ਜਨਕ ਗਲ ਹੈ।

'ਵਰਿਆਮ ਨੇ ਇਸ ਵਿਸ਼ੇਸ਼ ਅੰਕ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਅੰਕ, ਸੰਗੀਤ ਅੰਕ, ਗੁਰਬਖਸ਼ ਸਿੰਘ ਅੰਕ, ਮੋਹਨ ਸਿੰਘ ਅੰਕ ਆਦਿ ਜਿਹੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ। 'ਵਰਿਆਮ' ਸਾਹਿਤਕ ਪਰਚਾ ਹੋਣ ਦੇ ਨਾਲ ਨਾਲ ਨਾਮਧਾਰੀ ਸਮਾਜ ਦੇ ਸੰਬੰਧ ਵਿਚ ਵੀ ਜਾਣਕਾਰੀ ਦਿੰਦਾ ਆਇਆ ਹੈ। ਇਸ ਵਲੋਂ ਨਰੰਦੀ ਦਿਸ਼ਾ ਦੇਣ ਦਾ ਯਤਨ ਹਰ ਪਰਚੇ ਵਿਚ ਕੀਤਾ ਜਾਂਦਾ ਹੈ। ਸੰਗਿਆਕਾਰਕ ਪਖੋਂ ਵਿਸੇਸ਼ ਕਰਕੇ ਸੰਗੀਤ ਕਾਰਾਂ ਬਾਰੇ ਜਾਣਕਾਰੀ ਦੇਣੀ ਅਤੇ ਸੰਪਾਦਕ ਦਾ ਉੱਚ ਕੋਟੀ ਦੇ ਸੰਗੀਤਕਾਰਾਂ ਨਾਲ ਜਾਣੂ ਹੋਣਾ ਤੇ ਇਸ ਵਿਚ ਦਿਲਚਸਪੀ ਲੈਣ ਨਾਲ ਵੀ ਵਰਿਆਮ ਵਧੇਰੇ ਪੁਲਾਂਘਾਂ ਪੁਟ ਸਕਿਆ ਹੈ।

ਸੂਬਾ ਸਾਹਿਬ ਸਿੰਘ ਸੰਨ ੧੯੭੯ ਦੀ ਜੂਨ ਵਿਚ ਹਜ਼ਾਰੀ ਬਾਗ ਬਿਹਾਰ ਦੀ ਜੇਲ੍ਹ ਵਿਚ ਕੈਦ ਭੁਗਤਦਾ ਹੀ ਸ਼ਹੀਦ ਹੋ ਗਿਆ ਸੀ। ਇਸ ਅੰਕ ਨੇ ਇਸੇ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਯਤਨ ਕੀਤਾ ਹੈ। ਸੂਬਾ ਸਾਹਿਬ ਸਿੰਘ ਦਾ ਪਿਛਲੀ ਸਦੀ ਵਿਚ ਚਲਾਏ ਗਏ ਕੂਕਾ ਅੰਦੋਲਨ ਵਿਚ ਵਿਸ਼ੇਸ਼ ਸਥਾਨ ਸੀ ਅਤੇ ਸਰਕਾਰੀ ਖੁਫੀਆ ਫਾਈਲਾਂ ਵਿਚ ਉਸ ਨੂੰ ਬਹੁਤ ਖਤਰਨਾਕ ਆਦਮੀ ਲਿਖਿਆ ਗਿਆ ਸੀ। ਉਸਦੀ ਸ਼ਹੀਦੀ ਦੀ ਸ਼ਤਾਬਦੀ ਨੂੰ ਮੁਖ ਰੱਖ ਕੇ ਇਸ ਅੰਕ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਵਿਚ ਸਵਰਨ ਸਿੰਘ ਸਨੇਹੀ, ਡਾ: ਵੰਜਾ ਸਿੰਘ ਬਾਜਵਾ ਦੀਆਂ ਲਿਖਤਾਂ ਤੋਂ ਇਲਾਵਾ ਸਮਕਾਲੀ ਅਖਬਾਰਾਂ ਦੀਆਂ ਟਿਪਣੀਆਂ ਅਤੇ ਸਰਕਾਰੀ ਦਸਤਾਵੇਜ਼ਾਂ ਚੋਂ ਟਿਪਣੀਆਂ ਲੈ ਕੇ ਹਵਾਲੇ ਦਿਤੇ ਗਏ ਹਨ।

ਇਸੇ ਅੰਕ ਵਿਚ ਹੀ ਕੀਨੀਆ ਦੇਸ਼ ਬਾਰੇ ਪ੍ਰੀਤਮ ਸਿੰਘ ਕਵੀ ਦਾ ਲਿਖਿਆ ਯਾਤਰਾ ਲੇਖ ਵੀ ਹੈ। ਜਸਵੰਤ ਸਿੰਘ ਵਿਰਦੀ ਦਾ ਸਤਲੁਜ ਦਰਿਆ, ਪੰਛੀ ਦੀ ਰਾਜਧਾਨੀ ਦੀ ਚਿੱਠੀ ਅਤੇ ਖੇਡਾਂ ਬਾਰੇ ਤਿਰਲੋਚਨ ਸਿੰਘ ਦਾ ਲੇਖ ਵੀ ਸ਼ਾਮਲ ਹੈ। ਛਪਾਈ ਪਖੋਂ ਦਿਖ ਸੁੰਦਰ ਹੈ। ਅੰਦਰ ਰੰਗਦਾਰ ਤਸਵੀਰਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ। 'ਵਰਿਆਮ' ਦੀ ਸਾਹਿਤਕ ਖੇਤਰ ਨੂੰ ਇਹ ਇਕ ਦੇਣ ਕਹੀ ਜਾ ਸਕਦੀ ਹੈ।

ਕੁਲਦੀਪ ਸਿੰਘ ਬੇਦੀ

ਅਕਾਲੀ ਪੱਤ੍ਰਿਕਾ ੩੦ ਦਸੰਬਰ ੧੯੭੯

ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਜਿਥੇ ਸਮੁਚੀ ਸਿੱਖ ਕੌਮ ਨੇ ਵਧ ਚੜਕੇ ਹਿੱਸਾ ਲਿਆ ਤੇ ਕੁਰਬਾਨੀਆਂ ਕੀਤੀਆਂ ਉਥੇ ਨਾਮਧਾਰੀ ਸਿੰਘ ਵੀਰਾਂ ਨੇ ਇਸ ਅੰਦੋਲਨ ਵਿਚ ਵਿਸ਼ੇਸ਼ ਹਿੱਸਾ ਲਿਆ। ਕੂਕਾ ਲਹਿਰ ਤਾਂ ਸਮੁਚੇ ਆਜ਼ਾਦੀ ਸੰਗ੍ਰਾਮ ਦਾ ਇਕ ਅੰਗ ਹੀ ਬਣ ਗਈ ਸੀ।

ਇਸੇ ਲਹਿਰ ਨਾਲ ਸਬੰਧਤ ਰਹੇ ਹਨ ਸੂਬਾ ਸਾਹਿਬ ਸਿੰਘ ਜਿਨ੍ਹਾਂ ਦੀ ਨਾਮਧਾਰੀ ਲਹਿਰ ਨੂੰ ਵਿਸ਼ੇਸ਼ ਦੇਣ ਹੈ।

ਕੌਮ ਦੇ ਇਸ ਸ਼ਹੀਦੀ ਪ੍ਰਵਾਨੇ ਬਾਰੇ ਪਿਛਲੇ ਮਹੀਨੇ ਮਾਸਿਕ 'ਵਰਿਆਮ' ਨੇ ਇਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਹੈ। ੮੦ ਸਫੇ ਦੇ ਲਗਪਗ ਇਸ ਅੰਕ ਵਿਚ ਮਾਸਿਕ ਦੇ ਐਡੀਟਰ ਸ: ਜਗਦੀਸ਼ ਸਿੰਘ ਨੇ ਉਚ ਕੋਟੀ ਦੇ ਵਿਦਵਾਨਾਂ, ਖੋਜੀਆਂ ਤੇ ਉਘੇ ਲੇਖਕਾਂ ਵਲੋਂ ਜਾਣਕਾਰੀ ਭਰਪੂਰ ਲੇਖ ਲਿਖਵਾਏ ਹਨ ਤੇ ਇੰਝ ਸੂਬਾ ਸਾਹਿਬ ਸਿੰਘ ਦੇ ਉਨ੍ਹਾਂ ਕਾਰਨਾਮਿਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ਜੋ ਹੁਣ ਤਕ ਅਣਗੌਲੇ ਰਹੇ ਹਨ। ਐਡੀਟਰ ਵਰਿਆਮ ਦਾ ਇਹ ਯਤਨ ਸਚਮੁਚ ਸ਼ਲਾਘਾ ਯੋਗ ਹੈ ਜਿਸ ਨੂੰ ਨਿਸਚੇ ਹੀ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ।

ਗ: ਸ: ਵਿਰਕ

ਨਵਾ ਜ਼ਮਾਨਾ ੧੬ ਦਸੰਬਰ ੧੯੭੯

ਪੰਜਾਬੀ ਵਿਚ ਪਰਚਾ ਕਢਣਾ ਕਿਕਰ ਨੂੰ ਜੱਫੀ ਪਾਉਣ ਵਾਂਗ ਹੈ—ਸੁਲਾ ਵੀ ਰੇ ਕੀੜੇ ਵੀ। ਨਾ ਤੁਸੀਂ ਥਰ ਕੇ ਨਸ ਸਕਦੇ ਹੋ ਨਾ ਤੁਸੀਂ...। ਇਹਨੀਂ ਦਿਨੀਂ

Sri Satguru Jagjit Singh Ji Elibrary NamdhariElibrary@gmail com

ਫਿਰ, ੧੯੬੮ ਤੇ ੧੯੭੨ ਤੇ ਰਾਜਨੀਤਕ ਤੀਖਣਤਾ ਦੇ ਸਮੇਂ ਵਾਂਙ ਹੀ ਪੰਜਾਬੀ ਵਿਚ ਪਰਚਾ ਕਢਣ ਦਾ ਉਦਮ ਸਰਗਰਮੀ ਨਾਲ ਸ਼ੁਰੂ ਹੈ। ਭਾਰੀ ਗਿਣਤੀ ਵਿਚ ਦਿਹ ਪਤਰੇ ਪਹਿਲਾਂ ਹੀ ਛਪ ਰਹੇ ਹਨ ਅਤੇ ਇਹਨਾਂ ਮਹੀਨਿਆਂ ਵਿਚ ਹੀ ਭਾਰੀ ਗਿਣਤੀ ਵਿਚ ਹੋਰ ਪਰਚੇ ਸ਼ੁਰੂ ਹੋਣ ਦੀ ਵੰਦੀ ਤੇ ਹਨ। ਪੰਜਾਬ ਦਾ ਕੋਈ ਸ਼ਹਿਰ ਅਜਿਹਾ ਨਹੀ ਜਿਥੋਂ ਕੋਈ ਪਰਚਾ ਨਾ ਛਪ ਰਿਹਾ ਹੋਵੇ। ਜਦੋਂ ਕਿ ਪੰਜਾਬੀ ਪਾਠਕਾਂ ਦਾ ਘੇਰਾ ਬੜਾ ਸੀਮਤ ਹੈ ਸ਼ਾਇਦ ਪੰਜਾਬੀ ਲੇਖਕਾਂ ਨਾਲੋਂ ਪੰਜਾਬੀ ਪਾਠਕਾਂ ਦੀ ਗਿਣਤੀ ਘੱਟ ਹੈ ਜਿਸਦਾ ਮਤਲਬ ਹੈ ਕਿ ਪੰਜਾਬੀ ਦੇ ਕਈ ਲੇਖਕ ਪਾਠਕ ਨਹੀਂ ਹਨ।

ਅਜਿਹੀ ਸਥਿਤੀ ਵਿਚ ਕਿਸੇ ਪਰਚੇ ਦਾ ਲਗਾਤਾਰ ਛਪਣਾ ਹੀ ਮਾਰੂਕੇ ਵਾਲੀ ਗਲ ਹੈ ਤੇ ਫਿਰ ਆਪਣੀ ਵਖਰੀ ਹੋਂਦ ਪੈਦਾ ਕਰਨਾ ਪਰਚੇ ਦੀ ਸਫਲਤਾ ਦਾ ਸੂਚਕ। ਸ: ਜਗਦੀਸ਼ ਸਿੰਘ ਦੀ ਸੰਪਾਦਨਾ ਹੇਠ ਛਪ ਰਿਹਾ ਪਰਚਾ 'ਵਰਿਆਮ' ਲਗਾਤਾਰ ਛੱਪ ਹੀ ਨਹੀਂ ਰਿਹਾ ਸਗੋਂ ਇਸ ਨੇ ਆਪਣੀ ਵਿਲਖਣਤਾ ਵੀ ਹਾਸਲ ਕੀਤੀ ਹੈ। ਇਸ ਵਲੋਂ ਸਮੇਂ ਸਮੇਂ ਪ੍ਰਕਾਸ਼ਤ ਥੀਤੇ ਪ੍ਰੋ: ਮੋਹਣ ਸਿੰਘ, ਕੁਰਬਖਸ਼ ਸਿੰਘ, ਸੰਗੀਤ, ਮੀਸ਼ਾ ਤੇ ਸਤਿਗੁਰੂ ਜਗਜੀਤ ਸਿੰਘ ਸਬੰਧੀ ਵਿਸ਼ੇਸ਼ ਅੰਕ ਇਸਦੀ ਸਲਾਹੁਤਾ ਦੇ ਪਹਿਲੂ ਨੂੰ ਹੋਰ ਪਕਿਆਈ ਬਖਸ਼ਦੇ ਹਨ।

ਤੇ ਹੁਣ ਪਰਚੇ ਵਲੋਂ ਆਪਣੀ ਪ੍ਰਕਾਸ਼ਨ ਕਾਲ ਦੇ ਪੰਜਵੇਂ ਵਰ੍ਹੇ ਵਿਚ ਪ੍ਰਵੇਸ਼ ਕਰਦਿਆਂ ਡਾਇਆ ਕੀਤਾ ਗਿਆ "ਸੁਧਾ ਸਾਹਿਬ ਸਿੰਘ ਅੰਕ" ਜਿਥੇ ਨਾਮਧਾਰੀ ਜਗਤ ਵਿ ਪਰਚੇ ਲਈ ਸਤਿਕਾਰਤ ਤੱਥ ਦੱਸੇ ਪੇਸ਼ ਹੈ ਉਥੇ ਮੌਲਿ ਸਾਹਿਤ ਖੇਤਰ ਵਿਚ ਮਾਨਤਾ ਗੋਚਰੀ ਸਮਗਰੀ ਵੀ ਆਪ ਅੰਦਰ ਸਮੇਟੀ ਬੈਠਾ ਹੈ। ਸੁਧਾ ਸਾਹਿਬ ਦੀ ਰਾਜਨੀਤਕ ਸਮਾਜਿਕ ਸ਼ਖਸੀਅਤ ਦੇ ਵਖ ਵਖ ਪਹਿਲੂਆਂ ਉਤੇ ਚਾਨਣ ਪਾਉਣ ਦੇ ਉਦਮ ਦੇ ਨਾਲ ਨਾਲ ਪੰਜਾਬ ਵਿਚ ਪਹਿਲੀਆ ਆਜ਼ਾਦੀ ਤਹਿਰੀਕਾਂ ਵਿਚੋਂ ਸਭ ਤੋਂ ਵਧ ਸ਼ਿਦਤ ਨਾਲ ਉਭਰੀ ਲਹਿਰ (ਕੂਕਾ ਲਹਿਰ) ਦੇ ਪਸਾਰਾਂ ਦੀ ਵਿਆਖਿਆ ਕਰਕੇ ਇਹ ਅੰਕ ਪਾਠਕ ਉਪਯੋਗੀ ਵੀ ਹੈ ਤੇ ਇਤਹਾਸਕ ਮਹੱਤਵ ਵਾਲਾ ਵੀ। ਪਰਚੇ ਦੀ ਛਪਾਈ, ਗੈਟਅੱਪ ਤੇ ਬਾਹਰੀ ਦਿੱਖ ਇਸਦੇ ਉਪਰੇ ਪ੍ਰਭਾਵ ਨੂੰ ਚਾਰ ਚੰਨ ਲਾਉਂਦੇ ਹਨ।

ਦੂਸਰੀ ਥੋਲੀ (ਖਲੀਲ ਜਿਬਰਾਨ) ਰਾਜਧਾਨੀ ਦੀ ਚਿਠੀ (ਪੰਛੀ) ਖੇਡਾ (ਤਰਲੋਕ ਸਿੰਘ) ਸਤਿਲੁਜ ਦਰਿਆ ਬਾਰੇ ਸ੍ਰੀ ਜਸਵੰਤ ਸਿੰਘ ਵਿਰਦੀ ਦਾ ਲੇਖ, ਸ੍ਰੀ ਪ੍ਰੀਤਮ ਸਿੰਘ ਕਵੀ ਦਾ ਯਾਤਰਾ ਲੇਖ, ਵਖ ਵਖ ਕਵੀਆਂ ਦੀਆ 'ਦੇਸ਼ ਪ੍ਰੇਮ ਬਾਰੇ' ਸਿਰਲੇਖ ਹੇਠ ਇਕਤਰਤ ਕਾਵਿ ਟੁਕੜੀਆਂ ਤੇ ਨਾਮਧਾਰੀ ਤਹਿਰੀਕ ਦੇ ਵਖ ਵਖ ਪਹਿਲੂ ਦਰਸਾਉਂਦੀਆਂ ਵੰਨ-ਸੁਵੰਨੀਆਂ ਤਸਵੀਰਾਂ ਪਰਚੇ ਦੀ ਜਿਨੰਤਾ ਸਿਰਜਣ ਸਮਰਥ ਵੀ ਹੋ ਨਿਬੜੀਆਂ ਹਨ ਤੇ ਸਾਹਿਤਕ ਮਾਨਤਾ ਮੰਗਣ ਸਮਰਥ ਵੀ

—ਲ. ਜ.

ਰਾਮ ਸਰੂਪ ਅਣਖੀ ਦਾ ਨਵਾਂ ਨਾਵਲ

ਕੱਖਾਂ—ਕਾਨਿਆਂ ਦੇ ਪੁਲ

ਇਹ ਉਸ ਮਨੁਖ ਦੀ ਕਥਾ ਹੈ ਜਿਸਨੇ ਆਪਣੀ ਦੁਖੀ ਜ਼ਿੰਦਗੀ ਲਈ ਜੋ ਵੀ ਸਹਾਰਾ ਲਿਆ, ਕੱਖਾਂ — ਕਾਨਿਆਂ ਦਾ ਪੁਲ ਹੀ ਸਾਬਤ ਹੋਇਆ, ਉਹਦੇ ਕੋਲ 'ਘਰ' ਵਰਗਾ ਕੋਈ ਸੁਖ ਨਹੀਂ ਸੀ। ਇਸ ਸੁਖ ਦੀ ਪ੍ਰਾਪਤੀ ਦੇ ਚੱਕਰ ਵਿੱਚ ਪਿਆ ਉਹ ਸਕੇ ਹੋਰ ਵੀ ਦੁਖੀ ਹੋ ਗਿਆ। ਆਪਣੀ ਪ੍ਰੇਮਕਾ ਵਿਚੋਂ ਉਹਨੇ ਮਾਨਸਿਕ ਸੰਤੋਸ਼ ਲਭਣਾ ਚਾਹਿਆ, ਪਰ ਉਹ ਵੀ.....। (ਨਾਵਲ ਛਪ ਗਿਆ ਹੈ)

ਸਫੇ : 138 ਮੁਲ : 14 ਰੁਪਏ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ—6.

Sri Satguru Jagjit Singh Ji Elibrary NamdhariElibrary@gmail com

ਵਿਸ਼ਵਾ ਮਿਤਰੀ

—ਜਸਵੰਤ ਸਿੰਘ ਵਿਰਦੀ

ਰਿਸ਼ੀ ਵਿਸ਼ਵਾ ਮਿਤਰ ਦੀ ਪਿਆਰੀ ਧੀ। ਵਿਸ਼ਵਾ ਮਿਤਰੀ।

ਵਿਸ਼ਵਾ ਮਿਤਰੀ ਨਦੀ ਗਾਇਕਵਾੜਾਂ ਦੇ ਮਹਾਨ ਸ਼ਹਿਰ ਬੜੌਦਾ ਵਿਚ ਦੀ ਵਗਦੀ ਹੈ। ਸ਼ਹਿਰ ਵਿਚਕਾਰ ਪੱਥਰਾਂ ਦਾ ਜਿਹੜਾ ਪੁਲ ਵਿਸ਼ਵਾ ਮਿਤਰੀ ਉਪਰ ਉਸਾਰਿਆ ਹੋਇਆ ਹੈ, ਉਸ ਦੇ ਦੁਆਲੇ ਬਣੇ ਹੋਏ ਸੁਖਾਵੇਂ ਪ੍ਰਭਾਵ ਵਾਲੇ ਮੰਦਰਾਂ ਦੀ ਨੁਹਾਰ ਨਦੀ ਦੇ ਪਾਣੀਆਂ ਦੇ ਨਾਲ-ਨਾਲ ਥਿਰਕਦੀ ਅਤੇ ਮਨ ਵਿਚ ਸਾਤਵਿਕਤਾ ਦਾ ਪ੍ਰਭਾਵ ਪੈਦਾ ਕਰਦੀ ਹੈ। ਉਸ ਵੇਲੇ ਮਹਿਸੂਸ ਹੁੰਦਾ ਹੈ ਕਿ ਇਸ ਨਦੀ ਦੇ ਪਾਣੀਆਂ ਵਿਚ ਜਿਹੜੀ ਸਾਤਵਿਕਤਾ ਹੈ, ਉਹ ਜ਼ਰੂਰ ਹੀ ਇਸ ਦੇ ਧੁਰ ਦੇ ਸਰੋਤ ਦੀ ਕਿਰਪਾ ਕਰਕੇ ਹੋਵੇਗੀ।

ਸਾਡੇ ਸ਼ਹਿਰਾਂ ਵਿਚ, ਨਦੀਆਂ ਨੇੜੇ ਮਹਾਦੇਵ ਦੇ ਮੰਦਿਰ, ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੁੰਦੇ ਨੇ। ਬੜੌਦੇ ਵਿਚ ਵੀ ਮਹਾਦੇਵ ਦੇ ਦੋ ਮੰਦਿਰ ਸ਼ਹਿਰ ਨੂੰ ਸਾਤਵਿਕਤਾ ਦਾ ਇਮੇਜ ਪ੍ਰਦਾਨ ਕਰਨ ਲਈ ਬੜਾ ਕੰਮ ਕਰਦੇ ਨੇ।

ਪਰ ਜੇਕਰ ਸ਼ਹਿਰ ਵਿਚ ਵਿਸ਼ਵਾ ਮਿਤਰੀ ਵਰਗੀ ਨਦੀ ਵੀ ਹੋਵੇ, ਤਾਂ ਸ਼ਹਿਰ ਦਾ ਜਲਵਾ ਅਣ ਕਿਆਸੀਆਂ ਖੁਸ਼ੀਆਂ ਨਾਲ ਭਰਪੂਰ ਹੁੰਦਾ ਹੈ।

ਪਤਾ ਨਹੀਂ ਬੜੌਦੇ ਵਾਲਿਆਂ ਨੂੰ ਵਿਸ਼ਵਾ ਮਿਤਰੀ ਦੇ ਇਸ ਸੁਖਾਵੇਂਪਨ ਦਾ ਅਹਿਸਾਸ ਹੈ ਕਿ ਨਹੀਂ ? ਸਾਨੂੰ ਤਾਂ ਉਸ ਦੇ ਪਾਣੀਆਂ ਦੀ ਛੋਹ ਨਾਲ ਹੀ ਆਨੰਦ ਆ ਗਿਆ।

ਬੜੌਦਾ, ਜਿਸ ਦਾ ਅਸਲੀ ਰੂਪ ਹੈ, ਵਡੋਦਰਾ, ਅਰਥਾਤ ਬੋਹੜਾਂ ਦੇ ਰੁੱਖਾਂ ਵਿਚਕਾਰਲਾ ਖੇਤਰ। ਜਦੋਂ ਅਸੀਂ ਬੜੌਦੇ ਦੇ ਦੁਆਲੇ ਬੋਹੜਾਂ ਦੇ ਰੁੱਖਾਂ ਦੇ ਰੁੱਖ ਵੇਖਦੇ ਹਾਂ ਤਾਂ ਉਸ ਦੇ ਨਾਂ ਦੀ ਸਾਰਥਕਤਾ ਸਹੀ ਸਿਧ ਹੋਣ ਲਗ ਪੈਂਦੀ ਹੈ। ਉਸ ਦਾ ਪ੍ਰਭਾਵ ਅਤੇ ਤਪਤੇਜ ਵੀ ਕਈ ਸਦੀਆਂ ਤਕ ਦੇਸ਼ ਦੇ ਵਾਤਾਵਰਣ ਵਿਚ ਬੋਹੜ ਦੀ ਸੰਘਣੀ ਛਾਂ ਵਾਂਗ ਹੀ ਫੈਲਿਆ ਰਿਹਾ ਹੈ।

ਮੇਰੇ ਜਿਨ੍ਹਾਂ ਦੋਸਤਾਂ ਨੇ ਬੜੌਦੇ ਦੀਆਂ ਕੁੜੀਆਂ ਨਾਲ ਵਿਆਹ ਕਰਕੇ ਆਪਣੇ ਘਰਾਂ ਨੂੰ ਵਸਾਇਆ ਹੈ, ਉਨ੍ਹਾਂ ਘਰਾਂ ਵਿਚੋਂ ਵੀ ਮੈਨੂੰ ਬੋਹੜ ਵਰਗੇ ਸੰਘਣੇਪਨ ਦਾ ਸੁਖਾਵਾਂ ਪ੍ਰਭਾਵ ਮਹਿਸੂਸ ਹੋ ਰਿਹਾ ਹੈ।

ਬੜੌਦੇ ਦਾ ਦੂਸਰਾ ਨਾਂ ਹੈ, ਚੀਰਾਕਤੀ ਜਾਂ ਚੀਰਾ-ਖੇਤਰ। ਗਾਇਕਵਾੜਾਂ ਦੀ ਸੂਰਮਗਤੀ ਕਰਕੇ ਇਹ ਨਾਂ ਵੀ ਮਾੜਾ ਨਹੀਂ।

ਬੜੌਦੇ ਤੋਂ ਲੈਕੇ ਪਾਵਾਗੜ੍ਹ ਤਕ ਦੇ ਵਾਤਾਵਰਣ ਵਿਚ ਮਹਾਕਾਲੀ ਦੇ ਸ਼ਕਤੀਵਾਦੀ ਪ੍ਰਭਾਵ ਦਾ ਹੀ ਪਸਾਰਾ ਹੈ, ਅਤੇ ਜਿਹੜਾ ਵੀ ਵਿਅਕਤੀ ਇਸ ਵਾਤਾਵਰਣ ਵਿਚ ਰਹਿੰਦਾ ਹੋਵੇ, ਉਸੇ ਤੇ ਮਹਾਕਾਲੀ ਦੇ ਤਪਤੇਜ ਦਾ ਅਸਰ ਹੋ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail com

ਕੁੜੀਆਂ ਨੂੰ ਸਮੁੱਚੇ ਵਿਸ਼ਵ ਵਿਚ ਅਬਲਾ ਕਿਹਾ ਜਾਂਦਾ ਹੈ, ਪਰ ਬੜੇਦੇ ਦੇ ਵਾਤਾਵਰਣ ਵਿਚ ਰਹਿਕੇ ਉਨ੍ਹਾਂ ਦੇ ਚਿਹਰੇ ਵੀ ਦੇਵੀ—ਪ੍ਰਭਾਵ ਵਾਲੇ ਅਤੇ ਦ੍ਰਿੜ੍ਹ ਇਰਾਦੇ ਦਾ ਪ੍ਰਗਟਾਵਾ ਕਰਨ ਵਾਲੇ ਹੀ ਨਜ਼ਰ ਆਉਂਦੇ ਨੇ। ਉਨ੍ਹਾਂ ਦੇ ਇਸ ਪ੍ਰਭਾਵ ਨੂੰ ਰੂਪਮਾਨ ਕਰਨ ਵਿਚ ਵਿਸ਼ਵਾ ਮਿਤਰੀ ਨਦੀ ਦੇ ਪਾਣੀਆਂ ਨੇ ਜਿਹੜੀ ਭੂਮਿਕਾ ਨਿਭਾਈ ਹੈ, ਉਸ ਦੀ ਕਥਾ, ਅਕੱਥ ਹੈ।

ਬੜੇਦੇ ਦੇ ਗਾਇਕਵਾੜਾਂ ਨਾਲ ਮੈਨੂੰ ਇਸ ਕਰਕੇ ਵੀ ਮੁਹੱਬਤ ਹੈ ਕਿ ਉਨ੍ਹਾਂ ਦਾ ਇਕ ਬਜ਼ੁਰਗ ਦਾਮਾਜੀ ਗਾਇਕਵਾੜ ੧੭੬੧ ਵਿਚ ਅਹਿਮਦਸ਼ਾਹ ਦੁਰਾਨੀ ਨਾਲ ਭੇੜ ਕਰਨ ਲਈ ਪਾਣੀਪਤ ਦੇ ਮੈਦਾਨ ਤਕ ਆਇਆ ਸੀ। ਅਹਿਮਦਸ਼ਾਹ ਦੁਰਾਨੀ ਦੀ ਡਾਕਤ ਨੂੰ ਜ਼ੋਰਦਾਰ ਦੰਗ ਨਾਲ ਠੱਲ੍ਹ ਪਾਉਣ ਲਈ ਗਾਇਕਵਾੜਾਂ ਨੇ ਕਾਫੀ ਹਿੱਸਾ ਪਾਇਆ ਸੀ।

ਪਰ ਉਹ ਸਦਾ ਹੀ ਇਸ ਗੱਲ ਨੂੰ ਸਵੀਕਾਰ ਕਰਦੇ ਰਹੇ ਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਵਾਸਤੇ ਮਹਾਦੇਵ ਅਤੇ ਅਤੇ ਮਹਾਕਾਲੀ ਦੀ ਮਿਹਰ ਸਦਾ ਹੀ ਵਿਸ਼ਵਾਮਿਤਰੀ ਦੇ ਪਾਣੀਆਂ ਵਾਂਙ ਉਨ੍ਹਾਂ ਦੇ ਨਾਲ ਰਹੀ।

ਪੰਜਾਬ ਵਲੋਂ ਬੰਬਈ ਨੂੰ ਜਾਂਦਿਆਂ ਰਾਹ 'ਚ ਆਉਂਦਾ ਹੈ ਬੜੋਦਾ ਸ਼ਹਿਰ; ਅਤੇ ਇਕ ਵਾਰ ਜਦੋਂ ਮੈਂ ਕਸ਼ਮੀਰ ਕਾਦਰ ਨਾਲ ਵਿਲਮ ਵਾਸਤੇ ਸੰਵਾਦ ਲਿਖਣ ਲਈ ਬੰਬਈ ਜਾ ਰਿਹਾ ਸਾਂ, ਤਾਂ ਅਚਾਨਕ ਹੀ ਬੜੋਦੇ ਦੇ ਸ਼ਾਨਦਾਰ ਸ਼ਹਿਰ ਦੀ ਭੀੜ ਵਿਚ ਅਲੋਪ ਹੋ ਗਿਆ ਸਾਂ। ਕਸ਼ਮੀਰ ਕਾਦਰ ਪਹਿਲਾਂ ਮੈਨੂੰ ਗੱਡੀ ਵਿਚ ਲੜਦਾ ਰਿਹਾ ਤੇ ਫੇਰ ਬੰਬਈ ਸ਼ਹਿਰ 'ਚ। ਪਰ ਇਸ ਤੋਂ ਪਹਿਲਾਂ ਕਿ ਮੇਰਾ ਨਾਂ 'ਕੁੰਮ ਸ੍ਰਾਧ ਦੀ ਤਲਾਸ਼' ਵਾਲੇ ਕਾਲਮ ਵਿਚ ਛਪਦਾ, ਮੈਂ ਬੜੋਦੇ ਦੀ ਦਿਲਕਸ਼ੀ ਨੂੰ ਵੇਖਕੇ ਬੰਬਈ ਪੁਜ ਗਿਆ ਸਾਂ।

ਬੰਬਈ ਤਾਂ ਬੰਬਈ ਹੀ ਹੈ, ਪਰ ਬੰਦੇ ਦਾ ਅੱਧਾ ਦਿਲ ਬੜੋਦੇ ਵਿਚ ਵਿਸ਼ਵਾ ਮਿਤਰੀ ਕੋਲ ਹੀ ਰਹਿ ਜਾਂਦਾ ਹੈ।

ਸਿਧ ਨਾਥ ਦਾ ਮੰਦਿਰ, ਲਛਮਣ ਬਾਵਾ ਦਾ ਮੰਦਿਰ ਅਤੇ ਕਾਲਿਕਾ ਮੰਦਿਰ ਨੇ ਮੈਨੂੰ ਖਾਸ ਤੌਰ ਤੇ ਪ੍ਰਭਾਵਿਤ ਕੀਤਾ।

ਭੀਮਨਾਥ ਦੇ ਮੰਦਿਰ ਵਿਚ ਪੰਡਿਤ ਲੱਕ ਮਹਾਰਾਜਿਆਂ ਦੇ ਘਤਾਣਿਆਂ ਦੀ ਆਤਮਿਕ ਸ਼ੁਧਤਾ ਲਈ ਭੱਜ ਕਰਿਆ ਕਰਦੇ ਸਨ।

ਬੰਬਈ ਤੋਂ ਵਾਪਿਸੀ ਤੇ ਜਦੋਂ ਫੇਰ ਮੈਂ ਬੜੋਦੇ ਉਤਰ ਗਿਆ ਸਾਂ ਤਾਂ ਵਿਸ਼ਵਾ ਮਿਤਰੀ ਦੇ ਪਾਣੀਆਂ ਨੇੜੇ ਮੇਰਾ ਮਿਤਰ ਭਮਰੇਰ ਸਿਘ ਸਾਜ਼ ਮੈਨੂੰ ਮਿਲ ਗਿਆ। ਉਹ ਵਿਸ਼ਵਾਮਿਤਰੀ ਦੇ ਜਲਵੇ ਬਾਰੇ ਕੁਝ ਸ਼ਿਅਰ ਕਹਿਣੇ ਚਾਹੁੰਦਾ ਸੀ, ਇਸ ਤਮੰਨਾ ਨਾਲ ਉਹ ਪਟਿਆਲੇ ਤੋਂ ਬੜੋਦੇ ਪੁਜ ਗਿਆ ਸੀ।

ਉਹ ਤਾਂ ਮੈਨੂੰ ਪਾਵਾਗੜ੍ਹ ਤਕ, ਵਿਸ਼ਵਾ ਮਿਤਰੀ ਦੇ ਸੋਮੇ ਕੋਲ ਵੀ ਲੈ ਗਿਆ, ਪਰ ਉਹਨੂੰ ਰਚਨਾਤਮਕ ਮੂਡ ਵਿਚ ਉਥੇ ਹੀ ਛਡਕੇ ਮੈਂ ਫੇਰ ਬੜੋਦੇ ਪਰਤ ਆਇਆ ਸਾਂ।

ਕਈ ਵਾਰ ਸੋਚਦਾ ਹਾਂ, ਸ਼ਾਇਦ ਪਿਛਲੇ ਕਿਸੇ ਜਨਮ ਵਿਚ ਬੜੋਦੇ ਦੇ ਨੇੜੇ ਵਿਸ਼ਵਾਮਿਤਰੀ ਦੇ ਪਾਣੀਆਂ ਕੋਲ ਵਸਦਾ ਰਿਹਾ ਹੋਵਾਂਗਾ।

ਪਥਰਾਂ ਦੇ ਕਿਨਾਰਿਆਂ ਨਾਲ ਉਸਰਿਆ ਹੋਇਆ ਸੂਰ ਸਾਗਰ ਵੇਖਕੇ ਟੁਰਿਆ ਤਾਂ ਇਕ ਬਜ਼ੁਰਗ ਨੇ ਕਿਹਾ—

'ਚਿਮਨਾ ਬਾਈ ਨਿਆਇ ਮੰਦਿਰ ਨਹੀਂ ਵੇਖੋਗੇ ?'

'ਉਹ ਕਿਥੇ ਹੈ ?'

'ਐਹ ਨਾਲ ਹੀ; ਜਿਸ ਨੂੰ ਹੁਣ ਹਾਈਕੋਰਟ ਕਹਿੰਦੇ ਨੇ।'

'ਕੀ ਸਚਮੁਚ ਹੀ ਇਹ ਨਿਆਇ ਮੰਦਿਰ ਹੈ ?'

'ਹਾਂ, ਮਹਾਰਾਣੀ ਚਿਮਨਾਬਾਈ ਨੇ ਤਾਂ ਇਸੇ ਭਾਵਨਾ ਨਾਲ ਹੀ ਬਣਾਇਆ ਸੀ ਇਸ ਨੂੰ !'

'ਪਰ ਹੁਣ ?'

'ਹੁਣ ਤਾਂ ਜ਼ਮਾਨਾ ਹੀ ਬਦਲ ਗਿਆ ! ਕਿਸ ਕਿਸ ਦੀ ਕੌਣ ਕੀਤੀ ਜਾਵੇ ?'

ਸਾਡੇ ਬਹੁਤ ਸਾਰੇ ਪੁਰਾਣੇ ਸ਼ਹਿਰਾਂ ਵਾਂਙ ਬੜੋਦਾ ਵੀ ਕਿਲ੍ਹੇ ਦੀ ਦੀਵਾਰ ਨਾਲ ਘਿਰਿਆ ਹੋਇਆ ਮਹਾਨਗਰ ਹੈ।

'ਪਰ ਹੁਣ ਤਾਂ ਮਹਾਨਗਰ ਖੁਲ੍ਹੇ ਵਾਤਾਵਰਣ ਵਿਚ ਵਿਚਰਣ ਲਗ ਪਏ ਨੇ !'

'ਬੜੋਦਾ ਕਿਹੜਾ ਅਪਵਾਦ ਹੈ !' ਬੜੋਦਾ ਯੂਨੀਵਰਸਟੀ ਦਾ ਕੈਂਪਸ ਕਹਿ ਰਿਹਾ ਸੀ।

ਦੇਸ਼ ਦੀ ਸੁਤੰਤਰਤਾ ਮਗਰੋਂ ਜਿਨ੍ਹਾਂ ਮੁੰਡੇ-ਕੁੜੀਆਂ ਨੇ ਜਨਮ ਲਿਆ ਹੈ, ਉਨ੍ਹਾਂ ਦੇ ਹਾਸੇ ਵਿਚ ਖੁਲ੍ਹਾਪਨ ਹੈ

Sri Satguru Jagjit Singh Ji Elibrary NamdhariElibrary@gmail com

ਅਤੇ ਗੁਲਾਮ ਕੌਮ ਦੇ ਲੋਕਾਂ ਵਰਗਾ ਮੀਸਣਾਪਨ ਬਿਲਕੁਲ ਨਹੀਂ। ਨਵੀਂ ਪੀੜ੍ਹੀ ਦੇ ਇਹ ਲੋਕ ਬੜੌਦੇ ਨੂੰ ਵੀ ਚਾਰਦੀਵਾਰੀ ਦੀ ਕੈਦ ਵਿਚੋਂ ਸੁਤੰਤਰ ਕਰਾਣ ਲਈ ਵਚਨਬੱਧ ਨੇ।

ਨਚਰ ਬਾਗ ਵਿਚਲੇ ਰਾਜਭਵਨਾਂ ਨੇ ਮੈਨੂੰ ਪ੍ਰਭਾਵਿਤ ਨਹੀਂ ਕੀਤਾ। ਪਤਾ ਨਹੀਂ ਇਸ ਕਰਕੇ, ਕਿ ਰਾਜਭਵਨਾਂ ਨੂੰ ਵੇਖਕੇ ਹਰ ਵਾਰ ਹੀ ਮੈਨੂੰ ਖਿਆਲ ਆਉਂਦਾ ਹੈ ਕਿ ਇਹ ਸਾਰੇ ਹੀ ਗਗਨ ਚੁੰਬੀ ਭਵਨ ਕਿਰਤੀਆਂ ਦੀ ਮੁਸ਼ੱਕਤ ਨੂੰ ਵੰਗਾਰ ਵਿਚ ਬਦਲ ਕੇ ਬਣਵਾਏ ਗਏ ਨੇ।

'ਚਲੋ ਵਗਾਰ ਹੀ ਸਹੀ।' ਮੇਰਾ ਕਲਾਕਾਰ ਮਿਤਰ ਸੁਮੰਤ ਸ਼ਾਹ ਕਹਿੰਦਾ ਹੈ—'ਪਰ ਸਾਡੇ ਬਜ਼ੁਰਗ ਕਲਾਕਾਰ, ਕਿਰਤੀਆਂ ਨੇ ਜਿਸ ਢੰਗ ਨਾਲ ਬੜੌਦੇ ਨੂੰ ਉਸਾਰਨ ਵਿਚ ਆਪਣੀ ਕਾਰੀਗਰੀ ਦਾ ਪ੍ਰਗਟਾਵਾ ਕੀਤਾ ਹੈ, ਉਹ ਤਾਂ ਕਦੀ ਨਹੀਂ ਵਿਸਰ ਸਕਦੀ...ਰਾਜੇ ਮਹਾਰਾਜੇ ਤਾਂ ਕਦੀ ਵੀ ਨਹੀਂ ਰਹੇ।'

ਉਂਜ ਤਾਂ ਬੜੌਦੇ ਦੁਆਲੇ ਕਈ ਨਦੀਆਂ ਵਗਦੀਆਂ ਨੇ, ਜਿਨ੍ਹਾਂ ਵਿਚੋਂ ਬਨਾਸ ਅਤੇ ਸਰਸਵਤੀ ਪੂਰ ਉਤਰ ਵਲ ਦੀ ਰਣ ਕੱਛ ਵਲ ਚਲੀਆਂ ਜਾਂਦੀਆਂ ਨੇ, ਪਰ ਸਾਬਰਮਤੀ, ਮਹੀ, ਨਰਮਦਾ ਅਤੇ ਤਾਪਤੀ ਦਖਣ ਵਲਦੀ ਖੰਭਾਤ ਦੀ ਖਾੜੀ ਵਲ ਹੀ ਜਾਂਦੀਆਂ ਨੇ।

ਪਰ ਬੜੌਦੇ ਵਾਲਿਆਂ ਦੀ ਮਹਿਬੂਬ ਨਦੀ ਤਾਂ ਵਿਸ਼ਵਾ ਮਿਤਰੀ ਹੀ ਹੈ।

ਪਾਵਾਗੜ੍ਹ ਤੋਂ ਲੈ ਕੇ ਬੜੌਦੇ ਤਕ ਨਿਰੰਤਰ ਸੁਖਮ-ਨਿਰੀਖਣ ਦੇ ਅੰਦਾਜ਼ ਵਿਚ ਵੇਖਦੇ ਜਾਈਏ ਤਾਂ ਵਿਸ਼ਵਾ ਮਿਤਰੀ ਨੇ ਜਿਸ ਤਰ੍ਹਾਂ ਧਰਤੀ ਦੀ ਦਿਲਕਸ਼ੀ ਨੂੰ ਸਾਕਾਰ ਕੀਤਾ ਹੈ, ਉਸਦਾ ਅਹਿਸਾਸ ਬੜੀ ਚੰਗੀ ਤਰ੍ਹਾਂ ਹੋ ਜਾਂਦਾ ਹੈ।

ਵਿਸ਼ਵਾ ਮਿਤਰੀ ਨਦੀ ਦਾ ਸੋਮਾ ਪਾਵਾਗੜ੍ਹ ਪਰਬਤ ਉਪਰੋਂ, ਮਹਾਕਾਲੀ ਦੇ ਮੰਦਿਰ ਨੇੜਲੇ ਖੇਤਰ ਵਿਚੋਂ ਆਰੰਭ ਹੁੰਦਾ ਹੈ।

ਕਹਿੰਦੇ ਨੇ ਕਿ ਪਾਵਾਗੜ੍ਹ ਦੇ ਇਸ ਖੇਤਰ ਵਿਚ ਕਦੀ ਬੜੀ ਦਿਲਕਸ਼ ਵਾਦੀ ਹੁੰਦੀ ਸੀ ਅਤੇ ਜਿਥੇ ਵਿਸ਼ਵਾ ਮਿਤਰ ਇਥੇ ਉਪਾਸਨਾ ਕਰਿਆ ਕਰਦੇ ਸਨ। ਇਕ ਵਾਰ ਉਸਦੀ ਗਊ ਤਿਲ ਪਈ ਤਾਂ ਉਸਨੇ ਪ੍ਰਾਰਥਨਾ ਕੀਤੀ ਕਿ ਵਾਦੀ ਦਾ ਵਿਚਕਾਰਲਾ ਹਿੱਸਾ ਪੂਰਿਆ ਜਾਵੇ। ਵਾਦੀ ਵਿਚੋਂ, ਚੌਥੇ ਹਿਸੇ ਨੂੰ ਪੂਰਕੇ ਜਿਹੜਾ ਪਹਾੜ ਆਕਾਸ਼ ਵਲ ਨੂੰ ਉਭਰਿਆ, ਉਸੇ ਦਾ ਨਾਂ ਪਾਵਾਗੜ੍ਹ ਹੈ। ਕਦੀ ਇਥੇ ਕਿਲ੍ਹਾ ਵੀ ਸੀ, ਪਰ ਉਹ ਹੁਣ ਕੇਵਲ ਖੰਡਰ ਹੀ ਹੈ। ਵਿਸ਼ਵਾ ਮਿਤਰ ਨੇ ਮਹਾਕਾਲੀ ਦਾ ਜਿਹੜਾ ਮੰਦਿਰ ਬਣਵਾਇਆ, ਹੁਣ ਵੀ ਕਾਇਮ ਹੈ।

ਵਿਸ਼ਵਾ ਮਿਤਰੀ ਦੇ ਪਾਣੀਆਂ ਨੇੜੇ, ਪਾਵਾਗੜ੍ਹ ਦੇ ਸਿਖਰ ਉਪਰ ਮਹਾਕਾਲੀ ਦੇ ਮੰਦਿਰ ਵਿਚ ਹਾਲੇ ਵੀ ਨਵਰਾਤਰੀ ਨੂੰ ਬੜਾ ਵੱਡਾ ਜੋੜ ਮੇਲਾ ਲਗਦਾ ਹੈ।

ਪਾਵਾਗੜ੍ਹ ਦੀ ਸਰਦਾਰੀ ਲਈ ਸਦੀਆਂ ਤਕ ਜੰਗ ਹੁੰਦੇ ਰਹੇ ਨੇ। ਰਾਜੇ ਗੰਗ ਰਾਜੇਸ਼ਵਰ ਨੇ ਬੜੀ ਸੂਰਮਗਤੀ ਨਾਲ ਪਾਵਾਗੜ੍ਹ ਨੂੰ ਮਹਿਮੂਦ ਸ਼ਾਹ ਗੁਜਰਾਤ ਵਾਲੇ ਕੋਲੋਂ ਬਚਾਈ ਰਖਿਆ ਪਰ ਉਸ ਦੇ ਪੁਤਰ ਰਾਵਲ ਪਤਾਈ ਜੈ ਸਿੰਘ ਨੇ ਮਹਾਕਾਲੀ ਦੇ ਸਰਾਪ ਨਾਲ ਸਦੀਆਂ ਦੀ ਘਾਲਣਾ ਨੂੰ ਰਥਾਹ ਕਰ ਲਿਆ।

ਲੋਕਾਂ ਦਾ ਵਿਚਾਰ ਹੈ ਕਿ ਮਹਾਕਾਲੀ ਇਕ ਸੁੰਦਰ ਨਾਰੀ ਦੇ ਰੂਪ ਵਿਚ ਨਵਰਾਤਰੀ ਦੇ ਮੇਲੇ ਸਮੇਂ ਜਦੋਂ ਇਸਤ੍ਰੀਆਂ ਨਾਲ ਗਰਬਾ ਨਚਣ ਲਈ ਪਾਵਾਗੜ੍ਹ 'ਤੇ ਆਈ ਤਾਂ ਰਾਜਾ ਉਸ ਤੇ ਮੋਹਿਤ ਹੋ ਗਿਆ। ਮਹਾਕਾਲੀ ਨੇ ਉਸ ਨੂੰ ਕਈ ਵਰ ਮੰਗਣ ਲਈ ਕਿਹਾ, ਤਦ ਵੀ ਉਹਨੇ ਉਸ ਸੁੰਦਰ ਸਰੀਰ ਨੂੰ ਹੀ ਆਪਣੀ ਰਾਣੀ ਬਣਾਨ ਵਾਸਤੇ ਇੱਛਾ ਪ੍ਰਗਟ ਕੀਤੀ, ਜਿਸ ਕਰਕੇ ਮਹਾਕਾਲੀ ਨਾਰਾਜ਼ ਹੋ ਗਈ, ਅਤੇ ਉਹਦੇ ਸਰਾਪ ਨਾਲ ਰਾਜੇ ਦਾ ਖਾਨਦਾਨ ਛੇ ਮਹੀਨਿਆਂ ਦੇ ਅੰਦਰ ਅੰਦਰ ਤਬਾਹ ਹੋ ਗਿਆ।

ਇਥੇ ਮਹਾਕਾਲੀ ਦਾ ਵਿਕਰਾਲ ਰੂਪ ਨਹੀਂ, ਸਗੋਂ ਇਹ ਦਖਣੀ ਕਾਲੀ ਦੇ ਨਾਂ ਨਾਲ ਪ੍ਰਸਿਧ ਹੈ। ਦਖਣੀ ਮਾਰਗ ਅਨੁਸਾਰ ਲੋਕਾਂ 'ਵੈਦਿਕ ਉਪਚਾਰ' ਅਤੇ 'ਤੰਤਰਿਕ ਉਪਚਾਰ' ਅਨੁਸਾਰ ਉਸਦੀ ਪੂਜਾ ਹੁੰਦੀ ਹੈ, ਪਰ ਜਾਨਵਰਾਂ ਦੀ ਬਲੀ ਨਹੀਂ ਚੜ੍ਹਾਈ ਜਾਂਦੀ।

ਵਿਸ਼ਵਾ ਮਿਤਰੀ ਦੁਆਲੇ ਕਲੋਲਾਂ ਕਰਨ ਵਾਲੇ

Sri Satguru Jagjit Singh Ji Elibrary NamdhariElibrary@gmail com

ਮਹਾਰਾਜਿਆਂ ਣਾ ਹੁਣ ਉਹ ਜਲਵਾ ਨਹੀਂ ਰਿਹਾ, ਪਰ ਵਿਸ਼ਵਾ ਮਿਤਰੀ ਦਾ ਰੂਪ ਪਹਿਲਾਂ ਵਾਂਗ ਹੀ ਨਵਾਂ-ਨਰੋਆ ਹੈ।

ਇਸ ਵਾਦੀ ਵਿਚੋਂ ਪਾਵਾਗੜ੍ਹ ਦੇ ਪਹਾੜ ਦੀ ਸਿਰਜਣਾ ਕਿਉਂਕਿ ਰਿਸ਼ੀ ਵਿਸ਼ਵਾ ਮਿਤਰ ਦੀ ਪ੍ਰਾਰਥਨਾ ਨਾਲ ਹੋਈ ਸੀ, ਇਸ ਕਰਕੇ ਪਾਵਾਗੜ੍ਹ ਤੋਂ ਆਰੰਭ ਹੋਣ ਵਾਲੀ ਨਦੀ ਦਾ ਨਾਂ ਵੀ ਵਿਸ਼ਵਾ ਮਿਤਰੀ ਹੀ ਹੈ, ਵਿਸ਼ਵਾ ਮਿਤਰ ਦੀ ਧੀ।

ਸਾਡੇ ਪੁਰਾਤਨ ਵਿਦਵਾਨ, ਰਿਸ਼ੀ ਲੋਕ ਸਾਡੀ ਧਰਤੀ ਅਤੇ ਲੋਕਾਂ ਨਾਲ ਜਿਹੜਾ ਮੋਹ ਕਰਦੇ ਸਨ, ਉਸਨੂੰ ਸਦੀਵੀ ਰੂਪ ਦੇਣ ਲਈ ਨਦੀਆਂ ਦੇ ਸਰੂਪ ਵਿਚ ਸਾਕਾਰ ਕਰ ਦਿੰਦੇ ਸਨ।

ਵਿਸ਼ਵਾ ਮਿਤਰੀ ਵੀ ਮੁੱਹਬਤ ਦੀ ਹੀ ਨਿਸ਼ਾਨੀ ਹੈ ਜੋ ਕਿ ਪਾਵਾਗੜ੍ਹ ਤੋਂ ਲੈ ਕੇ ੫੦ ਮੀਲ ਥੱਲੇ ਤਕ ਬੜੇਦੇ ਪੁਜਦੀ ਅਤੇ ਫੇਰ ਹੋਰ ਵੀ ਅਗੇ ਚਲਕੇ ਧੱਦਰ ਨਦੀ ਦੇ ਪਾਣੀਆਂ ਨਾਲ ਇਕਮਿਕ ਹੋ ਜਾਂਦੀ ਹੈ।

ਮੇਰਾ ਜੀਅ ਕਰਦਾ ਸੀ ਕਿ ਵਿਸ਼ਵਾ ਮਿਤਰੀ ਨਾਲ ਬੜੋਚੇ ਦੇ ਉਸ ਜੀਵਨ ਬਾਰੇ ਗੱਲਾਂ ਕਰਾਂ, ਜਿਸ ਦਾ ਰਹਿਸ ਕੇਵਲ ਉਹੋ ਹੀ ਜਾਣਦੀ ਹੈ, ਪਰ ਮੇਰੀ ਗੱਲ ਸੁਣ ਕੇ ਉਹਨੇ ਮੁਸਕਰਾ ਕੇ ਕਿਹਾ: 'ਜਿਧਰ ਗਏ ਬਾਣੀਏ, ਉਧਰ ਗਏ ਵਪਾਰ।

'ਫੇਰ ਵੀ।'

'ਬੀਤੇ ਦੀ ਰਾਖ ਫੋਲਨ ਦਾ ਕੀ ਲਾਭ ਹੈ?'

ਪਲ ਭਰ ਮਗਰੋਂ ਮੈਂ ਫੇਰ ਕਿਹਾ: 'ਕਦੀ ਰਿਸ਼ੀ ਵਿਸ਼ਵਾ ਮਿਤਰ ਦਾ ਚੇਤਾ ਤਾਂ ਆਉਂਦਾ ਹੀ ਹੋਵੇਗਾ'

'ਮੇਰੀਆਂ ਰਗਾਂ ਵਿਚ ਉਨ੍ਹਾਂ ਦਾ ਹੀ ਲਹੂ ਗਰਦਿਸ਼ ਕਰਦਾ ਹੈ....., ਵਿਸ਼ਵਾ ਮਿਤਰੀ ਨੇ ਬੜੀ ਮੋਹ ਭਰੀ ਆਵਾਜ਼ ਵਿਚ ਕਿਹਾ:

'—ਬੱਚੇ ਕਦੀ ਮਾਪਿਆਂ ਨੂੰ ਵੀ ਭੁੱਲ ਸਕਦੇ ਨੇ?'

●

- ਕਿਸੇ ਵਸਤ ਦੇ ਬਹੁਤ ਨੇੜੇ ਹੋਣ ਦਾ ਇਕੋ ਇਕ ਤਰੀਕਾ ਹੈ ਕਿ ਉਸ ਵਸਤ ਤੋਂ ਬਹੁਤ ਦੂਰ ਹੋਇਆ ਜਾਏ। ਸਿਰਫ ਚਿਤਰ ਹੀ ਰਤਾ ਫਾਸਲੇ ਤੋਂ ਵੇਖਿਆ ਵਧੇਰੇ ਸੋਹਣੇ ਪਰਤੀਤ ਨਹੀਂ ਹੁੰਦੇ; ਜ਼ਿੰਦਗੀ ਦੀ ਹਰ ਵਸਤ ਰਤਾ ਫਾਸਲੇ ਤੋਂ, ਦੂਰ ਦੇ ਸੰਗੀਤ ਵਰਗੀ ਹੁਸੀਨ ਹੋ ਜਾਂਦੀ ਹੈ। —ਹਰਿਭਜਨ ਸਿੰਘ
- ਦਰਿਆ ਦਾ ਕੰਢਾ, ਸਾਗਰ ਦਾ ਲਾਗਾ ਜਾਂ ਕਿਸੇ ਮਿਠੀ ਚੋੜੀ ਝੀਲ ਦੀ ਨੇੜਤਾ ਮਨੁਖ ਨੂੰ ਕੁਦਰਤ ਨਾਲ ਸੰਜੋਗ ਦਾ ਅਹਿਸਾਸ ਕਰਾਂਦੇ ਤੇ ਉਹਦੇ ਮਨ ਦੀ ਨਿਰਮਲਤਾ ਵਧਾਣ ਵਿਚ ਸਹਾਈ ਹੁੰਦੇ ਹਨ। —ਗੁਰਬਖਸ਼ ਸਿੰਘ
- ਧਿਆਨ ਸ਼ਕਤੀ ਦਾ ਸੋਮਾ ਹੈ। —ਐਮਰਸਨ
- ਮੈਂ ਧਿਆਨ ਮਗਨ ਹੋਣ ਦੀ ਘੜੀ ਵਿਚ ਵਿਸ਼ਵਾਸ਼ ਰਖਦਾ ਹਾਂ। —ਟੈਗੋਰ
- ਸੂਈ ਦੇ ਨੱਕੇ ਚੋਂ ਉਠ ਪਾਰ ਹੋ ਸਕਦਾ ਹੈ ਪਰ ਬਹੁਤੇ ਧਨ ਦੇ ਸਹਾਰੇ ਕੋਈ ਵੀ ਆਦਮੀ ਸਵਰਗ ਵਿਚ ਦਾਖਲ ਨਹੀਂ ਹੋ ਸਕਦਾ। —ਈਸਾ
- ਇੱਕ ਮੂਰਖ ਵੀ ਧਨ ਕਮਾ ਸਕਦਾ ਹੈ ਪਰ ਇਸ ਨੂੰ ਖਰਚਣ ਲਈ ਇਕ ਸਿਆਣੇ ਆਦਮੀ ਦੀ ਲੋੜ ਹੈ। —ਸੀ. ਐਚ. ਸਪਰਜੀਅਨ
- ਨਾਂ ਵਿੱਚ ਕੀ ਰਖਿਆ ਹੈ? ਗੁਲਾਬ ਦਾ ਚਾਹੇ ਕੋਈ ਹੋਰ ਨਾਂ ਹੁੰਦਾ ਤਾਂ ਵੀ ਉਸ ਦੀ ਖੁਸ਼ਬੇ ਇਹੀ ਰਹਿਣੀ ਸੀ। —ਸ਼ੈਕਸਪੀਅਰ
- ਠਿਆਂ ਦੀ ਗੱਲ ਕਹਿਣ ਲਈ ਹਰ ਸਮਾਂ ਯੋਗ ਸਮਾਂ ਹੈ। —ਸਫੋਕਲਜ਼
- ਬਹੁ ਬਣ ਕੇ ਜੋ ਮਾਰ ਖਾਂਦੀ ਹੈ, ਉਹ ਸੱਸ ਬਣ ਕੇ ਮਾਰਦੀ ਵੀ ਬਹੁਤ ਹੈ। — ਟੈਗੋਰ
- ਆਪਣੇ ਬੱਚਿਆਂ ਨੂੰ ਨੇਕੀ ਦੀ ਸਿਖਿਆ ਦੇਵੋਂ। ਇਹੀ ਉਹਨਾਂ ਨੂੰ ਸੁਖੀ ਬਣਾ ਸਕਦੀ ਹੈ। ਸੋਨਾ ਨਹੀਂ। —ਬੀਥੋਵਨ
- ਆਪਣੇ ਅੰਦਰ ਵੇਖੋ। ਅੰਦਰ ਨੇਕੀ ਦਾ ਚਸ਼ਮਾ ਹੈ। ਜਦੋਂ ਤੁਸੀਂ ਇਸ ਨੂੰ ਪੁਟੋਗੇ, ਇਹ ਵਗ ਪਵੇਗਾ। —ਨਾਰਕਸ ਐਰੀਲੀਅਸ
- ਉਹ ਨੇਕੀ ਨੇਕੀ ਨਹੀਂ ਜਿਸ ਦੇ ਕਰਦਿਆਂ ਕਿਸੇ ਦੀ ਹੇਠੀ ਹੁੰਦੀ ਹੈ। — ਤੇਜਾ ਸਿੰਘ (ਸਾਊਪੁਣਾ)
- ਬੱਲੀ ਦਾ ਜੋ ਹੁਸਨ ਨਿੰਦਿਆ ਵਿਚ ਨਿਖਰਦਾ ਹੈ; ਉਹ ਕਵਿਤਾ ਕਹਾਣੀ, ਨਾਵਲ ਵਿੱਚ ਕਿੱਥੇ।.....ਨਿੰਦਿਆ ਹਰ ਵਾਰ ਤਾਜ਼ਾ, ਨਵੀਨ, ਅੱਜਵੀਂ ਹੁੰਦੀ ਹੈ।..... —ਹਰਿਭਜਨ ਸਿੰਘ

Sri Satguru Jagjit Singh Ji Elibrary NamdhariElibrary@gmail com

ਮਿਨੀ ਕਵਿਤਾਵਾਂ

ਰਾਜਿੰਦਰ ਖੇਤਰਪਾਲ

ਵੋਟ

ਇਕ ਦੂਜੇ ਤੇ
ਦੋਸ਼ ਹੀ ਲਾਣਾ।
ਕੁਹਾੜਾ ਸਭ ਦਾ
ਕੌਮ ਪੁਰਾਣਾ
ਕਾਹਨੂੰ ਕਿਉਂ ਲੜਦੇ ਹੋ
ਐਵੇਂ
ਵੰਟ ਦਾ ਸਾਡਾ
ਬਾਇਆ ਜਾਣਾ

ਸਲਾਹ

ਮੈਂ ਕੀ ਕੰਦੀ
ਗੁਨਾਹ ਕਰਦਾ ਹਾਂ।
ਤੁਹਾਡੇ ਵੱਲ
ਜੋ ਨਿਗਾਹ ਕਰਦਾ ਹਾਂ
ਤੁਹਾਡੇ ਨਾਲ ਮਿਲਾ ਕੇ ਨਜ਼ਰਾਂ
ਮੈਂ ਤਾਂ
ਸਿਰਫ ਸਲਾਹ ਕਰਦਾ ਹਾਂ।

ਸਹਾਰਾ

ਸਥਿਰਤਾ ਦਾ ਧਾਰੇ
ਹੈ ਅੱਜ ਲਗਦਾ ਨਾਅਰਾ।
ਇਹ ਨਾਅਰੇ ਹੀ ਲਾ ਕੇ
ਨੇ ਕਰਦੇ ਗੁਜ਼ਾਰਾ।
ਇਨ੍ਹਾਂ ਦਾ ਕੰਦੀ ਸਾਨੂੰ ਹੰਵੇ ਨਾ ਹੰਵੇ
ਇਨ੍ਹਾਂ ਨੂੰ ਤਾਂ ਸਾਡਾ
ਬੜਾ ਹੀ ਸਹਾਰਾ।

ਤੰਗੀ

ਰੋਗੀ ਬੇਰੁੱਖੀ ਹੁਣ ਤਾਂ
ਲਗਦੀ ਹੈ ਚੰਗੀ।
ਕਦੇ ਵੇਖਣਾ ਮੈਨੂੰ
ਆਵੇ ਨਾ ਤੰਗੀ।
ਮੁਹੱਬਤ ਦੀ ਜੋਕਰ ਕੰਦੀ ਆਸ ਹੁੰਦੀ
ਕਦੇ ਦੀ ਕੁਹਾਥੋਂ
ਅਸਾਂ ਪੈਂਦੀ ਮੰਗੀ।

(੩੧੦੮ ਸੈਕਟਰ ੧੫-ਡੀ, ਚੰਡੀਗੜ੍ਹ)

ਤਿਹਾਈ ਸਦੀ ਦਾ ਇਤਿਹਾਸ

—ਇਕਬਾਲ ਦੀਪ

—ਤੀਹ-ਵਰ੍ਹੇ ਹੋਏ ਅਦਨ ਬਾਗ਼ 'ਚ ਵਿਚਰਦਿਆਂ
ਨਾ ਮੈਂ ਤੇ ਨਾ ਹੀ ਹਵਾ ਨੇ
ਕੰਦੀ ਅਵਗਿਆ ਕੀਤੀ ਐ
ਜਾਂ ਵਿਵਰਜਿਤ ਫਲ ਹੀ ਕੰਦੀ ਚਖਿਐ
ਫਿਰ ਵਾ ਮੁਬੱਕਤ ਕੰਦ ਕਿਸ ਗਲ ਦੀ।

—ਲੰਤਾਂ ਦੇ ਮਨਫ਼ੀ ਹੰਦੇ ਹਿੰਦਸੇ
ਮੈਨੂੰ ਜ਼ਰਬ ਦੇ ਕੇ ਮਨਫ਼ੀ ਕਰਦੇ ਰਹੇ।

—ਸਜ਼ਾ ਮੇਰੀ ਪਰ
ਮੇਰੇ ਬਾਲਾਂ ਨੂੰ ਵਿਰਸੇ 'ਚ ਕਿਉਂ ਮਿਲੇ
ਕੰਦੀ ਤਾਂ ਦਸੋ।

—ਕੁਹਾੜੀ ਬਹਾਦਰੀ ਦੀ ਦਾਦ
ਬਕੇਰ ਦਿਤਿਆ ਗਿਆ ਨਹੀਂ ਜਾਣਾ
ਚੱਣਾਂ ਦੀ ਲੜਾਈ 'ਚ
ਹਰ ਵਾਰ ਵਗਾਹ ਕੇ ਮਾਰੇ
ਕੁਹਾੜੇ ਲਾਰਿਆਂ ਦੇ ਹਾਥੀ
ਆਸਮਾਨ ਤੌਂ ਹਾਲ ਤੀਕ ਨਹੀਂ ਪਰਤੇ।

—ਕੀਮਤਾਂ ਦੇ ਅਗਨ ਬਾਣ
ਸੱਭ ਰਾਖ ਕਰਦੇ ਜਾਣ
ਵੋਟਾਂ ਦੇ ਜ਼ਰ੍ਹਾ ਬਖਤਰ ਪਹਿਨਕੇ
ਤੁਹਾਡੀਆਂ ਦਿਹਾਂ ਲੜਦੀਆਂ ਵੀ ਜਾਣ
ਮੁਸਕਾਦੀਆਂ ਵੀ ਜਾਣ।

—ਰੁਹ ਡੇ ਤ ਬਨਾਂ ਦੀ ਕਾਂਗ 'ਚ ਹਰ ਕੰਦੀ ਵਹਿ ਤੁਰਦਾ
ਪਰ ਕਿਤੇ ਕਿਤੇ ਪਿਆ ਪੱਥਰ ਰਹੇ ਅੜਦਾ।
ਬਾਲਾਂ ਨੂੰ ਰੱਸੇ ਪਾਕੇ ਸਕੂਲੇ ਲਿਜਾਣ ਲਗਿਆ
ਇਹ ਕਿਉਂ ਭੂਲ ਜਾਂਦੇ ਰਹੇ ਕਦੇ ਭਗਤਾਂ ਨੇ ਕਿਹਾ ਸੀ
ਭੂਖੇ ਪੇਟ ਨਾ ਭਗਤੀ ਕੀਜੇ ਯੇ ਮਾਲਾ ਆਪਣੀ ਲੀਜੇ

—ਗੁੱਸੇ ਦਾ ਦਰਿੰਦਾ ਜਦ ਵੀ ਦਹਾੜਦੇ.
ਮੈਨੂੰ ਹੀ ਬੁਰਕ ਵਦਦੇ
ਕਦੇ ਤਾਂ ਗਰਮ ਤੇ ਠੰਦੇ ਪਾਣੀ ਦੀ ਨਦੀ
ਰਿੜਦੇ ਪਾਣੀਂ 'ਚ ਬਦਲੇਗੀ।

—ਮਿਹਨਤ ਨੂੰ ਵਰ ਨਹੀਂ ਜੇ ਮੇਰ
ਤਾਂ ਇਸ ਦਾ ਕਸੂਰ
ਪੂਰਨ ਆਖਰ ਲੂਣਾ ਨੇ ਲਭਣੇ ਜ਼ਰੂਰ

Sri Satguru Jagjit Singh Ji Elibrary NamdhariElibrary@gmail com

ਦੋ ਗ਼ਜ਼ਲਾਂ

ਸੁਰਜੀਤ ਰਾਮਪੁਰੀ

(੧)

ਤੜਪਦੇ ਪਾਰੇ ਨੂੰ ਵੀ ਵਹਿ ਜਾਣ ਦੇ,
ਪਲਕ ਨੂੰ ਅੱਥਰੂ ਬਿਨਾਂ ਰਹਿ ਜਾਣ ਦੇ।
ਦਿਲ, ਚਿਤਾ ਉੱਪਰ ਨਾ ਬਣ ਜਾਏ ਮਨੂਰ,
ਮਰਨ ਵੇਲੇ ਭੇਤ ਨੂੰ ਕਹਿ ਜਾਣ ਦੇ।
ਗ਼ਮ ਦੀ ਬਾਰਿਸ਼, ਵਾਵਰੋਲੇ, ਨ੍ਹੇਰੀਆਂ,
ਬਿ੍ਛ ਵਾਂਗਰ, ਦੋਸਤਾ, ਸਹਿ ਜਾਣ ਦੇ।
ਮੈਂ ਹਾਂ ਡਾਰਾ ਟੁੱਟਾਂ ਇੱਕ ਰਾਤ ਨੂੰ,
ਚੰਨ ਦੀ ਬੁੱਕਲ 'ਚ ਡਾਂ ਬਹਿ ਜਾਣ ਦੇ।
ਝੁਕਦੀ ਮੁੜਦੀ ਹੋਰ ਉੱਚੀ ਹੋਇਕੀ,
ਸ਼ਾਖ਼ ਨੂੰ ਤੂਫ਼ਾਨ ਸੰਗ ਖਹਿ ਜਾਣ ਦੇ।

(੨)

ਰਸਤੇ ਮੇਰੇ ਧੁੰਦਲੇ ਧੁੰਦਲੇ।
ਸੁਪਨੇ ਤੇਰੇ ਉੱਜਲੇ ਉੱਜਲੇ।
ਸੂਲੀ ਤੇ ਵਿਸਰਾਮ ਕਰਨਗੇ,
ਕੇਸਨੀ ਬਾਣਾ ਪਾ ਜੋ ਨਿਕਲੇ।
ਯਾਦਾਂ ਵਿਚ ਭਾਵਾਂ ਦੀ ਗਰਮੀ,
ਮੇਰੇ ਜਜ਼ਬੇ ਪਿਘਲੇ ਪਿਘਲੇ।
ਸੀਤਲ 'ਵਾ, ਨਿੱਘੀ ਧੁੱਪ ਖ਼ੁਸ਼ਬੂ,
ਗੀਤ ਮਿਰੇ ਮਚਲੇ ਕਿ ਮਚਲੇ।

★

ਗ਼ਜ਼ਲ

ਮਹਿੰਦਰ ਰਾਮਪੁਰੀ

ਉਸ ਰਾਹੀ ਦੀ ਅੱਖੀ ਵਾਟ।
ਜਿਸ ਦੇ ਦਿਲ ਵਿਚ ਸੂਹੀ ਲਾਟ।
ਗ਼ੈਰ ਦੀਆਂ ਫੂਕਾਂ ਤੋਂ ਅੱਜ,
ਭੈਰਾ ਡਰ ਨਹੀਂ ਡਰਦੀ ਲਾਟ।
ਉਸ ਦੀਵੇ ਦਾ ਕਾਹਦਾ ਜੀਣ,
ਜਿਸ ਦੀ ਠੀਕਰੀ ਠੀਕਰੀ ਲਾਟ।
ਅੱਕ-ਬਭੋਲਾ ਹੋਈ ਫਿਰਦੀ,
ਮੇਰੇ ਮਨ ਦੀ ਬਿਫਰੀ ਲਾਟ।
ਵੇਖੀਂ ਭਾਂਬੜ ਬਣਸੀ ਕੱਲ੍ਹ,
ਹੁਣ ਜੋ ਬਿਖਰੀ ਬਿਖਰੀ ਲਾਟ।
ਮੁਕਣਗੇ ਰਾਹਾਂ ਦੇ ਦੁੱਖ,
ਜਦ ਗੁੱਸਾ ਖਾ ਨਿਕਲੀ ਲਾਟ।
ਸਾਰੇ ਜੱਗ ਨੂੰ ਰਾਹ ਦਿਖਾਉ,
ਇਕ ਦਿਨ ਨਿਖਰੀ ਨਿਖਰੀ ਲਾਟ।

★

ਗ਼ਜ਼ਲ

ਸ਼ਮਸ਼ੇਰ ਸਿੰਘ ਸਾਜ਼, ਐਮ. ਏ.

ਹੱਥਾ ਵਿਚ ਮਖੌਟੇ ਚੁਕੀ ਫਿਰਦੇ ਨੇ,
ਪੁੱਛੋ ਤਾਂ ਇਹ ਸਾਥੀ ਕਿਹੜੀ ਧਿਰ ਦੇ ਨੇ।
ਗ਼ਮ ਦੇ ਤਿੱਖੜ ਦੁਪਹਿਰੇ ਸਿਰ ਤੇ ਝੱਲੇ ਨੇ,
ਦੁੱਖਾਂ ਨਾਲ ਯਰਾਨੇ ਸਾਡੇ ਚਿਰ ਦੇ ਨੇ।
ਪਿਆਰ ਮੁਹੱਬਤ ਜਿਵੇਂ ਬਜ਼ਾਰੀ ਜਿਨਸ ਕੋਈ,
ਆਸ਼ਕ ਅੱਜ ਕੱਲ ਹੋਕੇ ਦਿੰਦੇ ਫਿਰਦੇ ਨੇ।
ਨੰਗੇ ਧੜ ਮੈਦਾਨ 'ਚ ਓਹੀ ਨਿਤਰਣਗੇ,
ਲਾਉਂਦੇ ਜਿਹੜੇ ਦਾਈਏ ਅਪਣੇ ਸਿਰ ਦੇ ਨੇ।
ਸਾਜ਼ ! ਤਸ਼ੱਦਦ ਅੱਗੇ ਜਿਹੜੇ ਝੁਕਦੇ ਨੀਂ,
ਮਾਨੁੱਖਤਾ ਦੇ ਕੰਚਨ ਵੰਨੇ ਹਿਰਦੇ ਨੇ।

★

Sri Satguru Jagjit Singh Ji Elibrary NamdhariElibrary@gmail com

ਗ਼ਜ਼ਲ

ਸਰਦਨ ਰਾਹੀ

ਤਿੜਕੇ ਸ਼ੀਸ਼ੇ ਦੇ ਵਿਚ ਜਦ ਵੀ ਆਪਣਾ ਅਕਸ ਉਤਾਰੋਗੇ ।
ਰੇਤ ਕਣਾਂ ਦੇ ਵਾਂਗੂੰ ਕਿਰ ਕਿਰ ਆਪਣੀ ਹੋਂਦ ਖਿਲਾਰੋਗੇ ।
ਸਿਰ ਤੇ ਛਾਏ ਬੱਦਲਾਂ ਦਾ ਇਹ ਸਾਇਆ ਕਦ ਤਕ ਰਹਿਣਾ ਹੈ।
ਇਸ ਜੀਵਨ ਦੇ ਸੜਦੇ ਥਲ ਦਾ ਹਿਰਦਾ ਕੀਕਣ ਠਾਰੋਗੇ ।
ਬਾਂਝ ਪਈ ਧਰਤੀ ਦਾ ਪਿੰਡਾ ਕੱਲਰਾਂ ਦੇ ਵਿਚ ਲੁਸ ਰਿਹਾ ।
ਤੜਪ ਰਹੀਆਂ ਮਾਹਬਾਂ ਨੂੰ ਕਿੱਦਾਂ ਦਿਲ ਵਿਚ ਘੁੱਟ ਘੁੱਟ ਮਾਰੋਗੇ।
ਦਿਲ ਦੀਆਂ ਸ਼ਾਖਾਂ ਉੱਤੇ ਅਜ ਵੀ ਯਾਦਾਂ ਦੇ ਪੱਤ ਡੋਲ ਰਹੇ ।
ਸ਼ਾਮ ਵਿਚ ਗੋਤੇ ਖਾਂਦੀਆਂ ਸੱਧਰਾਂ ਦਾ ਕਿੰਜ ਦਰਦ ਸਹਾਰੋਗੇ ।
ਗਲਵੱਕੜੀ ਵਿਚ ਲੈ ਕੇ ਰਾਹੀ, ਗੋਰੀ ਧੁੱਪ ਨੂੰ ਪੁੱਛਣਾ ਹੈ ।
ਸਾਡੇ ਵਾਂਗ ਨਿਡਾਫਰ ਹੋ ਕੇ ਆਪਣੀ ਜ਼ਿੰਦਗੀ ਵਾਰੋਗੇ ।

★

ਗ਼ਜ਼ਲ

ਸੁਰਿੰਦਰ ਸਾਗਰ

ਗੁਜ਼ਰੀ ਹੈਂਦੀ ਬਹਾਰ ਦਾ ਪਤਾ ਕਿਹਾ ਹਾਂ ਮੈਂ ।
ਜਾਂ ਦੁਸ਼ਮਣਾਂ ਦੇ ਮਤ ਦਾ ਟੁਕੜਾ ਰਿਹਾ ਹਾਂ ਮੈਂ ।
ਪੈਂਦੀ ਰਹੀ ਕੁਸਦਾ ਮੇਰੀ ਪੂਜਾ ਤੇਰੇ ਦਰ ਤੋਂ—
ਫਿਰ ਵੀ ਤੇਰੇ ਦਰ ਤੇ ਸਦਾ ਝੁਕਦਾ ਰਿਹਾ ਹਾਂ ਮੈਂ ।
ਇਕ ਮੁਸਕੁਰਾਹਟ ਤੇ ਸਦਾ ਆਪਾ ਹੈ ਵਾਰਿਆ—
ਤੇਰੇ ਲਈ ਤੱਕ ਕਿਸ ਕਦਰ ਸਸਤਾ ਰਿਹਾ ਹਾਂ ਮੈਂ ।
ਆਇਆ ਸੀ ਤੇਰੀ ਭਾਲ ਵਿਚ ਗੁੰਮ ਹੋ ਗਿਆ ਖੁਦ ਹੀ।
ਫਿਰ ਉਮਰ ਭਰ ਆਪਣਾ ਪਤਾ ਪੁਛਦਾ ਰਿਹਾ ਹਾਂ ਮੈਂ ।
ਇਕ ਵਾਰ ਤੂੰ ਤੇ ਤੂਰ ਕਿਓਂ ਅੱਗਾ ਵਰੋਲ ਕੇ ।
ਤੇਰੀ ਕਸਮ ਦਿਨ ਰਾਤ ਫਿਰ ਧੁਖਦਾ ਰਿਹਾ ਹਾਂ ਮੈਂ ।
ਮੰਨਿਆਂ ਕਿ ਮਾਲਕ ਅਕਲ ਦਾ ਮੈਂ ਰਹਿ ਨਹੀਂ ਸਕਿਆ ।
ਕਾਮਲ ਮੁਹੱਬਤ ਦਾ ਮਗਰ ਜਲਵਾ ਰਿਹਾ ਹਾਂ ਮੈਂ ।
ਜਿਥੋਂ ਕਿ ਮੰਜ਼ਲ ਦੋ ਕਦਮ ਹੀ ਦੂਰ ਸੀ 'ਸਾਗਰ' ।
ਐਸੇ ਪੜਾ ਤੇ ਇਕ ਉਮਰ ਰੁਕਿਆ ਰਿਹਾ ਹਾਂ ਮੈਂ ।

★

Sri Satguru Jagjit Singh Ji Elibrary NamdhariElibrary@gmail com

ਮਾਰਕੰਡੇਯ

ਰਿਸ਼ੀਆਂ ਵਿਚੋਂ ਮਹਾਨ ਰਿਸ਼ੀ। ਇਹ ਮ੍ਰਿਕੰਡ ਰਿਸ਼ੀ ਦੇ ਪੁਤਰ ਸਨ ਜੋ ਕਿ ਅਠ ਚਿਰੰਜੀਵੀਆਂ ਤੇ ਸਿੱਧਾਂ ਵਿਚੋਂ ਹਨ, ਅਤੇ ਪ੍ਰਲੈ ਵੇਲੇ ਵੀ ਨਸ਼ਟ ਨਹੀਂ ਹੁੰਦੇ। ਪਦਮ ਪੁਰਾਣ ਦਾ ਕਥਨ ਹੈ ਕਿ ਇਨ੍ਹਾਂ ਨੂੰ ਇਹ ਵਰਦਾਨ ਸ਼ਿਵ ਜੀ ਤੋਂ ਪ੍ਰਾਪਤ ਹੋਇਆ ਸੀ। ਇਨ੍ਹਾਂ ਨੇ ਸ਼ਿਵ ਜੀ ਦੀ ਉੱਸਤਤ ਕਰਕੇ ਮੌਤ ਤੇ ਜਿੱਤ ਪ੍ਰਾਪਤ ਕੀਤੀ ਸੀ।

ਮਾਰਕੰਡੇਯ ਜੀ ਦੀ ਅਨੁਪਮ ਤਪੱਸਿਆ ਤੇ ਜੀਵਨ ਭਰ ਦਾ ਬ੍ਰਹਮਚਰਯ ਵਰਤ ਵਿਸ਼ੇਸ਼ ਵਰਣਨ ਜੋਗ ਹੈ।

ਪਰਲੈ ਕਾਲ ਵੇਲੇ ਇਨ੍ਹਾਂ ਨੂੰ ਇਕ ਬੋਹੜ ਦੇ ਪੱਤੇ ਉਤੇ ਸੁਤੇ ਹੋਏ ਬਾਲ ਭਗਵਾਨ ਦੇ ਦਰਸ਼ਨ ਹੋਏ ਸਨ।

ਹਿਮਾਲਾ ਦੀ ਤਰਾਈ ਵਿਚ ਇਕ ਚਿਤਰਾ ਨਾਂ ਦੀ ਸ਼ਿਲਾ ਚਿੱਤਰ ਤੇ ਪੁਸ਼ਪਭਦਰਾ ਨਦੀ ਦੇ ਕਿਨਾਰੇ ਇਨ੍ਹਾਂ ਦਾ ਆਸ਼ਰਮ ਸੀ, ਜਿਥੇ ਕਿ ਇੰਦਰ ਨੇ ਕਾਮਦੇਵ ਤੇ ਪੁੰਜਿਕਸਥਲੀ ਅਪਸਰਾ ਨੂੰ ਇਨ੍ਹਾਂ ਦੀ ਤਪੱਸਿਆ ਭੰਗ ਕਰਨ ਲਈ ਭੇਜਿਆ ਸੀ। ਪਰ ਕੋਈ ਵੀ ਲਾਭ ਨਾ ਹੋਇਆ।

ਵਿਸ਼ਣੂ ਦਾ ਨਰ ਨਾਰਾਇਣ ਰੂਪ ਇਨ੍ਹਾਂ ਨੂੰ ਬੜਾ ਪਸੰਦ ਸੀ।

ਸ਼ਿਵ, ਪਾਰਵਤੀ ਆਦਿ ਸਭੇ ਹੀ ਇਨ੍ਹਾਂ ਦੀ ਕਠਿਨ ਤੱਪਸਿਆ ਤੋਂ ਬੜੇ ਪ੍ਰਸੰਨ ਸਨ।

ਕਹਿੰਦੇ ਨੇ ਕਿ ਭ੍ਰਿਗੂ ਵੰਸ ਦਾ ਇਹ ਭਕਤ ਅਜ ਵੀ ਆਪਣੀ ਇੱਛਾ ਨਾਲ ਸਭਨਾਂ ਸੰਸਾਰਾ ਦਾ ਭ੍ਰਮਣ ਕਰਦਾ ਰਹਿੰਦਾ ਹੈ।

ਕੁਝ ਹੋਰ ਕਥਾਂ ਅਨੁਸਾਰ ਇਹ ਵੱਤਰਾ ਤ੍ਰੇਤਾ ਦੇ ਸਮਕਾਲੀ ਰਿਸ਼ੀ ਸਨ ਅਤੇ ਮਾਰਕੰਡੇਯ ਪੁਰਾਣ ਦੀ ਰਚਨਾ ਵੀ ਇਨ੍ਹਾਂ ਨੇ ਹੀ ਕੀਤੀ ਸੀ।

ਇਸ ਪੁਰਾਣ ਵਿਚ ਹਰ ਵਸਤੂ ਦੀ ਸਰਾਧੀ ਤੋਂ ਝੂਠ ਤੋਂ ਜਾਣੂ ਪੰਛੀਆਂ ਤੋਂ ਆਰੰਭ ਕਰਕ ਮੁਨੀ ਦੇ ਪ੍ਰਸ਼ਨ ਤੇ ਪਵਿੱਤਰ ਮੁਨੀਆਂ ਦੁਆਰਾ ਕੀਤੀ ਵਿਆਖਿਆ ਨੂੰ ਉਸੇ ਰੂਪ ਵਿਚ ਪੂਰਨ ਰੂਪ ਵਿਚ ਬਿਆਨ ਕੀਤਾ ਗਿਆ ਹੈ। ਇਸ ਵਿਚ ੯੦੦੦ ਸ਼ਲੋਕ ਹਨ।

ਮਾਰਕੰਡੇਯ ਪੁਰਾਣ ਬਾਕੀ ਸਭਨਾਂ ਪੁਰਾਣਾਂ ਤੋਂ ਵਖਰਾ ਹੈ। ਇਸ ਵਿਚ ਫਿਰਕਾ ਪ੍ਰਸਤੀ ਦੀ ਭਾਵਨਾ ਤੇ ਧਰਮ ਸੰਬੰਧੀ ਭਾਵਨਾ ਬਹੁਤ ਘਟ ਮਿਲਦੀ ਹੈ। ਪ੍ਰਾਰਥਨਾਵਾਂ ਤੇ ਦੇਵਤਿਆਂ ਦੀਆਂ ਸਿਫਤਾਂ ਕਿਤੇ ਕਿਤੇ ਹੀ ਮਿਲਦੀਆਂ ਹਨ। ਰਸਮੀ ਜਾਂ ਸਦਾਚਾਰਕ ਸਿਧਾਂਤਾਂ ਨੂੰ ਇਸ ਵਿਚ ਬਹੁਤੀ ਥਾਂ ਨਹੀਂ ਦਿਤੀ ਗਈ। ਇਸ ਵਿਚ ਲੋਕ ਗਥਾਵਾਂ ਦੀ ਇਕ ਅਨੂਕ ਲੜੀ ਚਲਦੀ ਹੈ, ਅਤੇ ਆਪਣੀ ਸ਼ੈਲੀ ਹੈ, ਅਤੇ ਆਪਣੀ ਸ਼ੈਲੀ ਦੇ ਪਖੋਂ ਇਹ ਪੁਰਾਣ ਬਹੁਤ ਹੀ ਮਹੱਤਵ ਰਖਦਾ ਹੈ। ਕੇਵਲ ਭਾਗਵਤ ਪੁਰਾਣ ਹੀ ਬਿਆਨੀਆ ਸ਼ੈਲੀ ਵਿਚ ਇਸ ਤੋਂ ਵਧੀਆ ਹੈ।

ਮਾਰਕੰਡੇਯ ਰਿਸ਼ੀ ਬਾਰੇ ਕਿਉਂਕਿ ਇਹ ਗੱਲ ਪ੍ਰਸਿਧ ਹੈ ਕਿ ਉਨ੍ਹਾਂ ਦੀ ਮੌਤ ਨਹੀਂ ਹੁੰਦੀ, ਇਸ ਕਰਕੇ ਉਨ੍ਹਾਂ ਦੇ ਲਿਖੇ ਹੋਏ ਪੁਰਾਣ ਬਾਰੇ ਇਹ ਨਿਸ਼ਚਿਤ ਕਰਨਾ ਬੜਾ ਹੀ ਔਖਾ ਹੈ ਕਿ ਕਿਸ ਕਾਲ ਦੀ ਰਚਨਾ ਹੈ। ਬਹੁਤ ਸਾਰੇ ਵਿਦਵਾਨ ਇਸ ਪੁਰਾਣ ਨੂੰ ਨੌਵੀਂ ਜਾਂ ਦਸਵੀਂ ਸਦੀ ਦੀ ਰਚਨਾ ਸਵੀਕਾਰ ਕਰਦੇ ਹਨ, ਪਰ ਸਾਡਾ ਖਿਆਲ ਹੈ ਕਿ ਇਹ ਕੇਵਲ ਇਕ ਅਨੁਮਾਨ ਹੀ ਹੈ।

ਉਤਰ ਭਾਰਤ ਅਤੇ ਖਾਸ ਕਰਕੇ ਪੰਜਾਬ ਤੇ ਹਰਿਆਣਾ ਦੇ ਜੀਵਨ ਨਾਲ ਰਿਸ਼ੀ ਮਾਰਕੰਡੇਯ ਦਾ ਖਾਸ ਸੰਬੰਧ ਹੈ। ਇਸ ਖੇਤਰ ਵਿਚ ਉਨ੍ਹਾਂ ਨਾਲ ਸਬੰਧਤ ਅਨੇਕ ਕਥਾਵਾਂ ਵਿਖਰੀਆਂ ਪਈਆਂ ਹਨ, ਅਤੇ ਲੋਕ ਉਨ੍ਹਾਂ ਨੂੰ ਬਹੁਤ ਹੀ ਪੂਜਨੀਕ ਸਮਝਦੇ ਹਨ। ਪਰ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਿਸੇ ਵੀ ਕੰਮ ਨੂੰ ਛੋਟਾ ਨਹੀਂ ਸਮਝਿਆ।

ਪਰਸ਼ੂਰਾਮ ਦੇ ਯੱਗ ਵਿਚ ਇਨ੍ਹਾਂ ਨੇ ਬ੍ਰਾਹਮਣ ਦਾ ਕਾਰਜ਼ ਕੀਤਾ ਸੀ।

ਮਾਰਕੰਡੇਯ ਨੇ ਹੀ ਨਰਮਦਾ ਦੀਆਂ ਸਿਫਤਾਂ ਯੁਧਿਸ਼ਠਰ ਨੂੰ ਦਸੀਆਂ ਸਨ।

ਮਾਰਕੰਡੇਯ ਜੀ ਸ੍ਰੀ ਕ੍ਰਿਸ਼ਣ ਨੂੰ ਵੀ ਮਿਲੇ ਸਨ।

ਕਈ ਹੋਰ ਵਿਦਵਾਨਾਂ ਅਨੁਸਾਰ ਇਹ ਸ੍ਰੀ ਰਾਮ ਦੇ ਰਾਜ ਤਿਲਕ ਵੇਲੇ ਵੀ ਹਾਜ਼ਿਰ ਸਨ।

ਪੁਰਾਣਾਂ ਅਨੁਸਾਰ ਮਾਰਕੰਡੇਯ ਸਦਾ ਹੀ ਜੀਉਂਦੇ ਨੇ ਅਤੇ ਉਨ੍ਹਾਂ ਦੀ ਮੌਤ ਨਹੀਂ ਹੁੰਦੀ।

ਉਨ੍ਹਾਂ ਨੇ ਜਿਸ ਮਾਰਕੰਡੇਯ ਪੁਰਾਣ ਦੀ ਰਚਨਾ ਕੀਤੀ ਸੀ, ਉਸ ਵਿਚ ਦੁਰਗਾ ਦੇਵੀ ਦੀ ਮਹਾਨ ਕਥਾ ਆਉਂਦੀ ਹੈ, ਜਿਸ ਨੂੰ ਲੈਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਵਾਰ ਸ੍ਰੀ ਭਗਉਤੀ ਜੀ ਕੀ; ਅਰਥਾਤ ਚੰਡੀ ਦੀ ਵਾਰ, ਅਤੇ ਹਿਦੀ ਵਿਚ ਚੰਡੀ ਚਰਿਤਰ ਦੀ ਰਚਨਾ ਕੀਤੀ ਸੀ। ਉਸ ਵਿਚ ਦੁਰਗਾ ਦੇਵੀ ਦੀ ਸਹਾਇਤਾ ਨਾਲ ਦੇਵਤਿਆ ਦੀ ਜਿੱਤ ਅਤੇ ਰਾਖਸ਼ਾਂ ਦੀ ਹਾਰ ਦਾ ਵਰਣਨ ਹੈ। ਚੰਡੀ ਦੀ ਵਾਰ ਨੂੰ ਸੱਚ ਤੇ ਝੂਠ ਵਿਚਕਾਰ ਲੜਾਈ ਦੇ ਪ੍ਰਤੀਕ ਦੇ ਰੂਪ ਵਿਚ ਵੀ ਲਿਆ ਜਾਂਦਾ ਹੈ, ਜਿਸ ਦੇ ਅਰਥ ਅਜ ਵੀ ਉਸ ਤਰ੍ਹਾਂ ਹੀ ਢੁਕਦੇ ਹਨ ਜਿਵੇ ਕਿ ਗੁਰੂ ਸਾਹਿਬ ਦੇ ਵੇਲੇ ਵਿਚ।

ਮਾਰਕੰਡੇਯ ਦਰਿਆ ਦਾ ਜਨਮ ਦਾਤਾ ਵੀ ਮਾਰਕੰਡੇਯ ਰਿਸ਼ੀ ਹੀ ਸਮਝਿਆ ਜਾਂਦਾ ਹੈ।

ਸੰਕਲਨ ਕਰਤਾ : ਜ. ਸ. ਵਿ.

Sri Satguru Jagjit Singh Ji Elibrary NamdhariElibrary@gmail com

ਵਿਸ਼ਵਾਸ

— ਡਾ. ਜਾਨ. ਦੀ. ਓਵੇਨ

ਕੀ ਤੁਸੀਂ ਕਦੇ ਉਨ੍ਹਾਂ ਲੋਕਾਂ ਦੇ ਚਿਹਰੇ ਵੇਖੇ ਹਨ ਜਿਹੜੇ ਸਵੇਰੇ ਕੰਮ ਤੇ ਜਾ ਰਹੇ ਹੁੰਦੇ ਹਨ ਜਾਂ ਜੋ ਕਿਸੇ ਫੈਕਟਰੀ ਜਾਂ ਦਫ਼ਤਰ ਦੇ ਦਰਵਾਜ਼ੇ ਤੇ ਲੰਬੀ ਕਤਾਰ ਵਿੱਚ ਖੜੇ ਹੁੰਦੇ ਹਨ ? ਅਕਸਰ ਇਹ ਦ੍ਰਿਸ਼ ਕੁਝ ਚੰਗਾ ਨਹੀਂ ਹੁੰਦਾ। ਅੱਜ ਕਲ ਬਹੁਤ ਸਾਰੇ ਲੋਕ ਮਾਨਸਿਕ ਉਦਾਸੀਨਤਾ ਦੀ ਹਾਲਤ ਵਿਚ ਜੀਉ ਰਹੇ ਹਨ। ਜੀਵਨ ਉਨ੍ਹਾਂ ਲਈ ਅਰਥਹੀਨ ਤੇ ਭਵਿਖ ਢੀਰੋ ਹੈ। ਉਨ੍ਹਾਂ ਵਿਚੋਂ ਵਧੇਰੇ ਇਹੀ ਮੰਨ ਕੇ ਘਰੋਂ ਤੁਰਦੇ ਹਨ ਕਿ—"ਇਸ ਕੰਮ 'ਚ ਲਾਭ ਹੀ ਕੀ ਹੈ ?" ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਕੁਝ ਹਾਸਲ ਨਹੀਂ ਕੀਤਾ, ਭਵਿੱਖ ਵਿਚ ਵੀ ਉਹ ਸਫਲਤਾ ਦੀ ਆਸ ਨਹੀਂ ਰਖਦੇ। ਜੀਵਨ ਉਨ੍ਹਾਂ ਵਾਸਤੇ ਕੰਮ ਕਰਨ ਦਾ, ਖਾਣ ਤੇ ਪੀਣ ਦਾ ਇਕ ਅਰਥਹੀਨ-ਢੰਗ ਮਾਤਰ ਹੋ ਗਿਆ ਹੈ।

ਭੁਹਾਨੂੰ ਵੀ ਇਸ ਤਰ੍ਹਾਂ ਦੇ ਬੰਦੇ ਮਿਲੇ ਹੋਣਗੇ। ਇਹ ਉਨ੍ਹਾਂ ਲੋਕਾਂ ਵਿਚੋਂ ਹਨ ਜਿਹੜੇ ਜੀਵਨ ਵਿਚ ਸਦਾ ਨਿਰਾਸ਼ ਰਹਿੰਦੇ ਹਨ। ਅਕਸਰ ਹੋਣ ਵਾਲੀਆਂ ਦਿਲਚਸਪ ਗੱਲਾਂ, ਅਸਧਾਰਨ ਵਸਤਾਂ ਦੀ ਪ੍ਰਾਪਤੀ, ਨਵੇਂ—ਨਵੇਕਲੇ ਅਸਥਾਨਾਂ ਦੀ ਯਾਤਰਾ ਤੇ ਉਤਸਾਹਤ ਕਰਨ ਵਾਲੇ ਨਵੇਂ ਅਨੁਭਵਾਂ ਲਈ ਉਨ੍ਹਾਂ ਲੋਕਾਂ ਨੇ ਆਪਣੇ ਦਿਮਾਗ ਦੇ ਦਰਵਾਜ਼ੇ ਨਹੀਂ ਖੋਲ੍ਹੇ।

ਸੰਸਾਰ ਦੀ ਇਹ ਖੁਸ਼ਕਿਸਮਤੀ ਹੈ ਕਿ ਉਹ ਪੂਰੀ ਤਰ੍ਹਾਂ ਅਜਿਹੇ ਹੀ ਲੋਕਾਂ ਨਾਲ ਭਰਿਆ ਹੋਇਆ ਨਹੀਂ ਹੈ। ਦੂਜੇ ਕਈ ਅਜਿਹੇ ਵੀ ਹਨ ਜੋ ਮਨੋਵਿਗਿਆਨਕ ਤੱਥ ਸਮਝਦੇ ਹਨ ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਤੇ ਜੀਵਨ ਦੀਆਂ ਵਖ-ਵਖ ਸੰਭਾਵਨਾਵਾਂ ਲਈ ਆਪਣਾ ਦਿਮਾਗ ਖੁਲ੍ਹਾ ਰਖਦੇ ਹੋ ਤਾਂ ਭੁਹਾਡੇ ਲਈ ਸਾਰੀਆਂ ਗੱਲਾਂ ਸੰਭਵ ਹਨ। ਕੁਝ ਲੋਕਾਂ ਦਾ ਦ੍ਰਿਸ਼ਟੀਕੋਨ ਵਿਆਪਕ ਹੁੰਦਾ ਹੈ। ਜੀਵਨ ਕੀ ਹੈ, ਇਸਦਾ ਉਨ੍ਹਾਂ ਨੂੰ ਪੂਰਾ-ਪੂਰਾ ਗਿਆਨ ਹੁੰਦਾ ਹੈ—ਇਸ ਲਈ ਨਹੀਂ ਕਿ ਅਜਿਹੇ ਲੋਕਾਂ ਪਾਸ ਵਧੇਰੇ ਧਨ ਤੇ ਜ਼ਿਆਦਾ ਵਿਦਿਆ ਹੈ; ਸਗੋਂ ਇਸ ਲਈ ਕਿ ਉਹ ਜੀਵਨ ਤੇ ਉਸਦੀਆਂ ਸੰਭਾਵਨਾਵਾਂ ਵਿਚ ਯਕੀਨ ਰਖਦੇ ਹਨ। ਉਹ ਨਵੇਂ ਤਰੀਕਿਆਂ ਨੂੰ ਕੰਮ ਵਿਚ ਲਿਆਉਣ ਲਗੇ ਡਰਦੇ ਨਹੀਂ। ਉਹ ਨਵੇਂ ਵਿਚਾਰਾਂ ਨੂੰ ਧਾਰਨ ਕਰਦੇ ਹਨ, ਨਵੇਂ ਲੋਕਾਂ ਨੂੰ ਮਿਲਦੇ ਹਨ, ਨਵੇਂ ਮਿੱਤਰ ਬਣਾਉਂਦੇ ਹਨ, ਦੂਰ ਤਕ ਵੇਖਦੇ ਹਨ ਤੇ ਸੰਭਾਵਨਾਵਾਂ ਨੂੰ ਵੇਖਣ ਲਈ ਉਨ੍ਹਾਂ ਦੀ ਨਜ਼ਰ ਬੜੀ ਤੇਜ਼ ਹੁੰਦੀ ਹੈ।

ਜੇਕਰ ਉਹ ਯਾਤਰਾ ਕਰਦੇ ਹੋਣਗੇ, ਤਾਂ ਇਹ ਜ਼ਰੂਰੀ ਨਹੀਂ ਕਿ ਉਹ ਅਮੀਰ ਹੋਣ, ਯਾਤਰਾ ਤੋਂ ਲਾਭ ਦਾ ਉਨ੍ਹਾਂ ਦਾ ਵਿਸ਼ਵਾਸ ਹੀ ਅਜਿਹੀ ਪ੍ਰੇਰਣਾ ਵਿਚ ਪ੍ਰਬਲ ਹੁੰਦਾ ਹੈ। ਇਸੇ ਵਿਸ਼ਵਾਸ ਸਦਕਾ ਹੀ ਉਹ ਘਰੋਂ ਨਿਕਲ ਪੈਂਦੇ ਹਨ। ਜਿਉਂ-ਜਿਉਂ ਉਹ ਲਾਭ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਉਤਸਾਹ ਵਧਦਾ ਜਾਂਦਾ ਹੈ। ਥੋੜੇ ਦਿਨਾਂ ਲਈ ਹੀ ਸਹੀ ਨਵੀਆਂ-ਨਵੀਆਂ ਹਾਲਤਾਂ 'ਚ ਰਹਿਣ ਕਾਰਣ ਉਨ੍ਹਾਂ ਦੇ ਦ੍ਰਿਸ਼ਟੀਕੋਨ ਵਿਚ ਹੈਰਾਨੀਜਨਕ ਸੁਧਾਰ ਹੋਵੇਗਾ।

ਯਾਤਰਾ-ਪ੍ਰੇਮ ਤਾਂ ਇਕ ਉਦਾਹਰਨ ਮਾਤਰ ਹੈ। ਜੇਕਰ ਅਸੀਂ ਸਚਮੁਚ ਹੀ ਜੀਵਨ ਦੀਆਂ ਸੰਭਾਵਨਾਵਾਂ ਤੇ ਵਿਸ਼ਵਾਸ ਕਰਦੇ ਹਾਂ ਅਤੇ ਉਸੇ ਯਕੀਨ ਦੇ ਮੁਤਾਬਕ ਵਿਹਾਰ ਕਰਦੇ ਹਾਂ ਤਾਂ ਕੋਈ ਕੰਮ ਮੁਸ਼ਕਲ ਮਹਿਸੂਸ ਨਹੀਂ ਹੋ ਸਕਦਾ।

ਜਿਨ੍ਹਾਂ ਨੇ ਇਸ ਤੱਥ ਨੂੰ ਸਮਝ ਕੇ ਆਪਣੇ ਜੀਵਨ ਵਿਚ ਅਪਣਾ ਲਿਆ ਹੈ ਉਹ ਬੰਦੇ ਬੜੇ ਭਾਗਸ਼ਾਲੀ ਹਨ।

ਕੁਝ ਬੰਦੇ ਸਿਖਿਆਰਥੀ ਹੁੰਦੇ ਹਨ; ਕਿਉਂਕਿ ਵਿਕਸਤ ਦਿਮਾਗ ਦੀ ਸ਼ਕਤੀ 'ਚ ਵਿਸ਼ਵਾਸ ਰਖਦੇ ਹਨ। ਉਹ ਜੋ ਚਾਹੁੰਦੇ ਹਨ, ਕਿਤਿਓਂ, ਕਿਸੇ ਤਰ੍ਹਾਂ ਉਨ੍ਹਾਂ ਨੂੰ ਮਿਲ ਜਾਂਦਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਤੇ ਉਨ੍ਹਾਂ ਦੇ ਵਿਚਾਰਾਂ ਦੀ ਦੁਨੀਆਂ ਵਿਸ਼ਾਲ ਹੁੰਦੀ ਰਹਿੰਦੀ ਹੈ। ਵਿਦਿਆ ਪ੍ਰਾਪਤ ਕਰਨ ਦਾ ਮੌਕਾ ਜੇਕਰ ਉਨ੍ਹਾਂ ਨੂੰ ਜਵਾਨੀ ਦੇ ਦਿਨਾਂ ਵਿਚ ਨਹੀਂ ਮਿਲਿਆ ਤਾਂ ਵੀ ਉਨ੍ਹਾਂ ਦੀ ਸਿਖਿਆ ਦਾ, ਉਨ੍ਹਾਂ ਦੇ ਦਿਮਾਗ ਦੇ ਵਿਕਾਸ ਦਾ ਕ੍ਰਮ ਚਲਦਾ ਰਹਿੰਦਾ ਹੈ ਮੈਂ ਇਕ ਅਜਿਹੀ ਔਰਤ ਨੂੰ ਜਾਣਦਾ ਹਾਂ, ਜੋ ਵਧੇਰੇ ਪੜ੍ਹੀ ਲਿਖੀ ਨਹੀਂ ਸੀ, ਪਰ ਜਿਸਨੇ ਰੋਜ਼ਾਨਾ ਇੱਕ ਘੰਟਾ ਕਿਤਾਬਾਂ ਦੇ ਅਧਿਅਨ ਵਿਚ ਬਿਤਾਇਆ। ਕੁਝ ਸਮੇਂ ਪਿਛੋਂ ਉਹੀ ਔਰਤ ਇਕ ਬਹੁਤ

Sri Satguru Jagjit Singh Ji Elibrary NamdhariElibrary@gmail com

ਵਧੀਆ ਵਕਤਾ ਸਮਝੀ ਜਾਣ ਲਗੀ। ਪਰ ਮੰਚੇ ਭਾਗਾਂ ਨੂੰ ਅਜਿਹੇ ਪਕੇ ਇਰਾਦੇ ਵਾਲੇ ਵਿਸ਼ਵਾਸੀ ਲੋਕ ਬਹੁਤ ਘਟ ਹੁੰਦੇ ਅਤੇ ਮੱਥੇ ਤੇ ਹੱਥ ਰਖ ਕੇ ਸਿਰ ਸੁਟ ਕੇ ਸੋਚਣ ਵਿਚ ਜ਼ਿੰਦਗੀ ਬਿਤਾਉਣ ਵਾਲੇ ਲੋਕਾਂ ਦੀ ਗਿਣਤੀ ਨਿਤ ਦਿਨ ਵਧਦੀ ਜਾ ਰਹੀ ਹੈ। ਅਜਿਹੇ ਲੋਕ ਇਕ ਵਾਰ ਆਪਣੇ ਸਵਰੂਪ ਦੀ ਜੋ ਧਾਰਨਾ ਬਣਾ ਲੈਂਦੇ ਹਨ, ਬਸ ਉਸ ਤੋਂ ਲਾਂਭੇ ਹਟ ਕੇ ਬਿਲਕੁਲ ਨਹੀਂ ਵਿਚਰਦੇ, ਉਸ ਤੋਂ ਵਧ ਕੁਝ ਬਣ ਸਕਣ ਦੀ ਉਨ੍ਹਾਂ ਨੂੰ ਰਤਾ ਆਸ ਨਹੀਂ ਹੁੰਦੀ। ਜੇਕਰ ਮਨੁਖ ਦਾ ਆਪਣਾ ਭਰੋਸਾ ਹੀ ਇਹ ਹੋਵੇਗਾ ਕਿ ਉਹ ਤਾਂ ਕੁਛ ਹੈ ਤੇ ਉਸਨੂੰ ਦੁਨੀਆਂ ਵਾਲੇ ਅਗੇ ਨਹੀਂ ਵਧਣ ਦੇਣਗੇ, ਤੇ ਇਸ ਵਿਚਾਰ ਨਾਲ ਉਹ ਆਪਣੇ ਹਥਿਆਰ ਸੁਟ ਦੇਵੇਗਾ ਤਾਂ ਉਹ ਤਰੱਕੀ ਨਹੀਂ ਕਰ ਸਕੇਗਾ ਸਗੋਂ ਆਪਣੇ ਹੀ ਦਾਇਰੇ ਵਿਚ ਸਿਮਟ ਕੇ ਰਹਿ ਜਾਏਗਾ।

ਬਹੁਤ ਸਾਰੇ ਲੋਕ ਦੋਸਤ ਬਨਾਉਣ ਦੀ ਇੱਛਾ ਤਾਂ ਆਪਣੇ ਦਿਲ ਵਿਚ ਰਖਦੇ ਹਨ, ਪਰ ਦੋਸਤ ਬਨਾਉਣ ਦੀ ਆਪਣੀ ਸ਼ਕਤੀ ਵਿਚ ਵਿਸ਼ਵਾਸ ਨਹੀਂ ਰਖਦੇ, ਤੇ ਕਿਉਂਕਿ ਉਹ ਵਿਸ਼ਵਾਸ ਨਹੀਂ ਕਰਦੇ ਇਸ ਲਈ ਉਹ ਦੋਸਤ ਨਹੀਂ ਬਣਾ ਸਕਦੇ ਤੇ ਆਪਣੀ ਸੀਮਿਤ ਦੁਨੀਆਂ ਵਿਚ ਹੀ ਰਹਿੰਦੇ ਹਨ। ਸਾਰੀ ਜ਼ਿੰਦਗੀ ਦੋਸਤਾਂ ਦੀ ਮਿਤਰਤਾ ਦਾ ਨਿਘ ਉਨ੍ਹਾਂ ਨੂੰ ਨਹੀਂ ਮਿਲ ਸਕਦਾ, ਸਿਰਫ ਇਸੇ ਕਾਰਨ ਕਿ ਉਹ ਆਪਣੇ ਆਪ ਤੇ ਵਿਸ਼ਵਾਸ ਨਹੀਂ ਕਰਦੇ।

ਇਕ ਆਦਮੀ ਆਪਣੀਆਂ ਇਛਾਵਾਂ ਨੂੰ ਲੈ ਕੇ ਅਗੇ ਵਧਦਾ ਜਾਂਦਾ ਹੈ ਤੇ ਦੂਜੇ ਦਬੂ ਕਿਸਮ ਦੇ ਲੋਕ ਵੇਖਦੇ ਹੀ ਰਹਿ ਜਾਂਦੇ ਹਨ। ਪਰ ਅਜਿਹੇ ਪਿਛੇ ਰਹਿ ਜਾਣ ਵਾਲੇ ਲੋਕਾਂ ਨੂੰ ਇਕ ਪਲ ਲਈ ਵੀ ਇਹ ਵਿਸ਼ਵਾਸ ਕਰਨ ਦਾ ਹੌਂਸਲਾ ਨਹੀਂ ਹੁੰਦਾ ਕਿ, ਉਹੋ ਜਿਹੀ ਸਫਲਤਾ ਉਨ੍ਹਾਂ ਨੂੰ ਵੀ ਮਿਲ ਸਕਦੀ ਹੈ। ਅਜਿਹੇ ਲੋਕ ਸ਼ਿਕਾਇਤ ਕਰਦੇ ਹਨ ਕਿ ਸਫਲਤਾ ਉਨ੍ਹਾਂ ਦੇ ਹਿਸੇ ਨਹੀਂ ਆਈ ਜਾਂ ਹਾਲਾਤ ਉਨ੍ਹਾਂ ਦੇ ਉਲਟ ਹਨ।

ਅਨੁ: ਤਿਲਕ ਰਾਜਪੂਤ
189, ਭਵਲਯੂ. ਪੀ. ਬਸਤੀ ਸ਼ੇਖ
ਜਲੰਧਰ।

ALWAYS REMEMBER : DELHI Phone : 513161

NAMDHARI PRINTING WORKS

ਨਾਮਧਾਰੀ ਪ੍ਰਿੰਟਿੰਗ ਵਰਕਸ ਸਦਰ ਨਾਲਾ ਮਾਰਗ, ਸਦਰ ਬਾਜ਼ਾਰ ਦਿੱਲੀ-੬.

Sadar Nala Marg, Sadar Bazar, DELHI-110006.

Special TRANSPORT JOBS UNDERTAKEN

Phone P.P. 201283

NAMDHARI PRINTERS

Plot No. 6, Rajinder Nagar, Ind. Area, P. O. Mohan Nagar (Ghaziabad)

Specialist in : DIARY CALENDAR & JOB WORKS

IN HINDI ENGLISH & PUNJABI LANGUAGE

ਨਾਮਧਾਰੀ ਪ੍ਰਿੰਟਰਜ਼

ਪਲਾਟ ਨੰ: ੬. ਰਾਜਿੰਦਰ ਨਗਰ, ਇੰਡਸਟ੍ਰੀਅਲ ਏਰੀਆ, ਡਾਕ: ਮੋਹਨ ਨਗਰ (ਗਾਜ਼ੀਆਬਾਦ)

Sri Satguru Jagjit Singh Ji Elibrary NamdhariElibrary@gmail com

ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

ਬੀਤੇ ਦੀਆਂ ਪੈੜਾਂ ਦੀ ਇਹ ਤੀਸਰੀ ਕਿਸ਼ਤ ਹੈ। ਇਸ ਤੋਂ ਪਹਿਲੀਆਂ ਦੋ ਕਿਸ਼ਤਾਂ ਵਿੱਚ ਪਾਠਕ ਅਗਸਤ ੧੯੫੮ ਤੋਂ ਸ਼ੁਰੂ ਹੋ ਕੇ, ਵਾਪਰ ਰਹੀਆਂ ਘਟਨਾਵਾਂ ਬਾਰੇ ਕਵੀ ਜੀ ਦੇ ਉਦੋਂ ਦੇ ਲਿਖੇ ਅਨੁਭਵ ਪੜ੍ਹ ਚੁਕੇ ਹਨ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਪ੍ਰਤਾਪ ਜੀ ਮਹਾਰਾਜ ਆਪਣੇ ਜੀਵਨ ਕਾਲ ਦੇ ਅੰਤਮ ਪੜਾਅ ਤੇ ਸਨ ਅਤੇ ਸਰਕਾਰੀ ਰਾਜੀਕੀਆਂ ਦਾ ਮੁਕਾਬਲਾ ਕਰ ਰਹੇ ਸਨ। ਇਸ ਲੇਖ ਵਿੱਚ ਸਤਿਗੁਰੂ ਜੀ ਤੋਂ ਮੰਤਵ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਹੈ। ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਉਦੋਂ ਸਾਹਿਬਜ਼ਾਦਿਆਂ ਦੇ ਰੂਪ ਵਿੱਚ ਸਨ। ਇਸ ਵਾਸਤੇ ਜਿਥੇ ਵੱਡੇ ਬਾਬਾ ਜੀ ਦਾ ਜ਼ਿਕਰ ਹੈ ਉਸ ਦਾ ਮੰਤਵ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੈ ਅਤੇ ਛੋਟੇ ਬਾਬਾ ਜੀ ਦਾ ਭਾਵ ਮਹਾਰਾਜ ਬੀਰ ਸਿੰਘ ਜੀ ਹੈ।

.....ਉਦੋਂ ਤੋਂ ਲੈਕੇ ਹੁਣ ਭੱਖ ਪ੍ਰਸਥਿਤੀਆਂ ਵਿਚ ਤਬਦੀਲੀਆਂ ਆਈਆਂ ਹੋਣਗੀਆਂ ਪਰ ਇਹਨਾਂ "ਪੈੜਾਂ" ਦੀ ਲਿਖਤ ਨੂੰ ਬਗੈਰ ਬਦਲਿਆਂ ਹੀ ਅਸੀਂ ਛਾਪ ਰਹੇ ਹਾਂ ਤਾਂ ਜੋ ਪਾਠਕ ਉਸ ਵਕਤ ਦੀ ਸਥਿਤੀ ਅਤੇ ਉਸ ਨੂੰ ਅਨੁਭਵ ਕਰਨ ਦੇ ਕੋਨ ਤੋਂ ਜਾਣੂ ਹੋ ਸਕਣ। ਅਸੀਂ ਆਸ ਕਰਦੇ ਹਾਂ ਕਿ ਪਾਠਕ ਇਸ ਬਾਰੇ ਜ਼ਰੂਰ ਆਪਣਾ ਦ੍ਰਿਸ਼ਟੀਕੋਣ ਅਤੇ ਰਾਇ ਲਿਖਕੇ ਭੇਜਣਗੇ। —ਸੰਪਾਦਕ

(ਲੜੀ ਜੋੜਨ ਲਈ ਜਨਵਰੀ ੧੯੮੦ ਅੰਕ ਵੇਖੋ।)

੨੪ ਨਵੰਬਰ ੧੯੫੮

੮-੩੦ ਵਜੇ ਸਤਿਗੁਰੂ ਜੀ ਮੇਰੇ ਕਮਰੇ ਵਿਚ ਆ ਮੈਨੂੰ ਗੌਰ ਹਾਜ਼ਰ ਵੇਖ ਗਏ। ਮੈਂ ਆਕੇ ਦੱਸਿਆ ਕਿ ਅੱਜ ਗੁਰੂ ਨਾਨਕ ਦੇਵ ਜੀ ਤੇ ਇਕ ਲੇਖ ਲਿਖਿਆ ਹੈ।

ਸਤਿਗੁਰੂ ਮੇਰੇ ਭਾਈ ਖਜ਼ਾਨ ਸਿੰਘ ਨੂੰ ਨਾਲ ਲੈ ਕੇ ਬੀਜਣ ਯੋਗ ਜ਼ਮੀਨ ਵਖਾਣ ਲਈ ਲੈ ਗਏ।

ਬਤੋ ਕੌਰ-ਅਣੋਖ ਸਿੰਘ

ਵਾਪਸੀ ਤੇ ਬੰਤ ਕੌਰ-ਅਣੋਖ ਸਿੰਘ ਦੇ ਘਰ ਚਰਨ ਪਾਏ। ਬੀਬੀ ਬੰਤ ਕੌਰ ਕੁਝ ਬਿਮਾਰ ਸੀ, ਦਰਦਾਂ ਕਰਕੇ। ਉਸਨੇ ਭੇਟਾ ਤੋਂ ਛੁਟ ੨੦੦ ਰੁਪਏ ਅਖੰਡ ਪਾਠ ਕਰਵਾਣ ਲਈ ਦਿਤਾ। ਦੋ ਕੁ ਮਿੰਟ ਹੀ ਸਤਿਗੁਰੂ ਉਹਨਾਂ ਦੇ ਘਰ ਬੈਠੇ।

ਏਵੇਂ ਉਠਕੇ ਪਰਸੋਂ ਵਾਲੇ ਅਰੰਭੇ ਅਖੰਡ ਪਾਠ ਦਾ ਭੋਗ ਪਾਉਣ ਲਈ ਵਾਰੇ ਵਿਚਲੇ ਉੱਚੇ ਡਬੇਲੇ ਵਿਚ ਗਏ। ਇਸ ਦੀ ਸਮਾਪਤੀ ਪਿਛੋਂ ਏਥੇ ਹੀ ਬੰਤ ਕੌਰ ਨਮਿਤ ਅਖੰਡ ਪਾਠ ਜਾਰੀ ਕਰ ਦਿਤਾ ਗਿਆ।

ਪੁਲਿਸ ਛਾਪਾ ?

ਪਰਸੋਂ ਸਤਿਗੁਰਾਂ ਨੇ ਮੈਨੂੰ ਕਿਹਾ ਸੀ ਕਿ ਅਸੀਂ ਸੁਚੇਤ ਰਹੀਏ। ਪੁਲਿਸ ਵਲੋਂ ਛਾਪਾ ਮਾਰਨ ਦੀ ਸੰਭਾਵਨਾ ਹੈ। ਅੱਜ ਰਾਤੀਂ ਖਾਸ ਕਰ ਮੈਨੂੰ ਕਿਹਾ ਕਿ ਮੈਂ, ਦਾਰੇਕ੍ਹਾ ਦੁੰਮਣ ਸਿੰਘ, ਸੂਬਾ ਵਰਿਆਮ ਸਿੰਘ (ਜਮਸ਼ੇਰੀਆ) ਅਤੇ ਮਲਵਈ ਗੁਰਦਿਆਲ ਸਿੰਘ ਆਦਿ ਏਥੇ -ਜੀਵਨ ਨਗਰ-ਹੀ ਰਹੀਏ। ਮਗਰੋਂ ਜੇ ਛਾਪੇ ਦੀ ਸੰਭਾਵਨਾ ਹੋਵੇ ਤਾਂ ਚੋਕਸ ਰਹਿ ਕੇ, ਸਭ ਆਏ ਅਮਲੇ ਦੀ ਤਲਾਸ਼ੀ ਲੈ ਕੇ ਹੀ ਅੰਦਰ ਜਾਣ ਦੇਈਏ।

ਸਤਿਗੁਰਾਂ ਦਸਿਆ ਕਿ ਉਹ ਕਲ ਢਾਅਚ ਦੁਪਹਿਰ ਹਰੀਪੁਰ ਦੇ ਮੇਲੇ ਤੇ ਜਾਣਗੇ। ਅਤੇ ੨੭ ਨਵੰਬਰ ਨੂੰ ਪਰਤਣਗੇ।

ਅੱਜ ਰਾਤੀਂ ਮੈਂ ਵੇਖਿਆ ਕਿ ਸਤਿਗੁਰੂ ਜੀ ਨੇ ਚੌ ਦਿਨਾਂ ਦੇ ਅਖਬਾਰ, ਅਕਾਲੀ, ਅਕਾਲੀ ਪਤ੍ਰਿਕਾ ਅਤੇ ਨਵਾਂ ਜ਼ਮਾਨਾ ਬੈਟਰੀ ਦੇ ਚਾਨਣ ਨਾਲ ਹੀ ਪੜ੍ਹੇ -ਅਖਬਾਰਾਂ ਨਾਲ ਡੂੰਘੀ ਦਿਲਚਸਪੀ ਨੇ।

ਸਤਿਗੁਰਾਂ ਨੇ ਕੁਝ ਦਿਨ ਪਹਿਲਾਂ ਦੋ ਤਿੰਨ ਦਵਾਈਆਂ ਦਾ ਜ਼ਿਕਰ ਕੀਤਾ ਸੀ। ਉਹ ਕਾਗਜ਼ ਲਭ ਪਿਆ ਹੈ। ਮੁਜ਼ੱਰਬ ਚੀਜ਼ਾਂ ਹੋਣ ਕਰਕੇ ਨੋਟ ਕਰ ਰਿਹਾ ਹਾਂ।

ਮੁਨੀ ਬਵਾਸੀਰ

ਗਰਮੀ ਦੇ ਸੁਭਾਉ ਵਾਲੇ ਲਈ : ਟਾਹਲੀ ਦੇ ਇਕ ਮੁੱਠ ਭਰ ਪੱਤੇ ਰਾਤੀਂ ਕੁੱਜੇ ਵਿਚ ਪਾ ਭਿਉਂ ਦੇਣੇ। ਸਵੇਰੇ

Sri Satguru Jagjit Singh Ji Elibrary NamdhariElibrary@gmail com

ਮਲ ਕੇ ਉਸਦੇ ਲੁਆਬ ਵਿਚ ਦੇਸੀ ਸ਼ੱਕਰ ਪਾ ਕੇ ੩ ਦਿਨ ਨਿਰਨੇ ਹਾਰ ਸਵੇਰੇ ਪੀਣੇ।

ਬਾਕੀ ਦੇ ਸੁਰਾ ਵਾਲੇ ਨੂੰ ਉਪਰਲੇ ਤਰੀਕੇ ਅਨੁਸਾਰ ਟਾਹਲੀ ਦੀ ਥਾਂ ਤਿਲਾਂ ਦੇ ਪੱਤਰਾਂ ਦਾ ਲੁਆਬ ਪੀਣਾ ਪਿਆਣਾ ਚਾਹੀਦਾ ਹੈ।

ਧਾਤ

ਸਤਿਗੁਰਾਂ ਦੱਸਿਆ : ਮਾਈ ਜੀ (ਵੱਡਿਆਂ) ਨੂੰ ਬਵਾਸੀਰ ਸੀ ਤੇ ਗੁਰੂ ਹਰੀ ਸਿੰਘ ਜੀ ਨੂੰ ਉਮਰ ਭਰ ਧਾਤ ਪੈਂਦੀ ਰਹੀ, ਜੁ ਮੈਨੂੰ ਵਿਰਸੇ ਵਿਚ ਮਿਲੀ ਅਤੇ ੨੪ ਸਾਲ ਮੈਨੂੰ ਵੀ ਰਹੀ। ਇਸ ਚੀਜ਼ ਨੇ ਮੈਨੂੰ ਪੂਰਨ ਆਰਾਮ ਕੀਤਾ :

ਬੀਜ ਪੋਣ ਤੋਂ ਪਹਿਲਾਂ ਕਿਕਰ ਦੀਆਂ ਫਲੀਆਂ ਦਾ ਆਚਾਰ ਪਾ ਲਉ ਜਾਂ ਛਾਵੇਂ ਸੁਕਾ, ਬਾਰੀਕ ਕਰ, ਬਰਾਬਰ ਦੀ ਮਿਸ਼ਰੀ ਪਾਕੇ ਸਵੇਰੇ ਬੱਕਰੀ ਦੇ ਦੁਧ ਨਾਲ ਰਲੀ ਲਈ ਜਾਵੇ।

ਬਵਾਸੀਰ

ਭੰਗਰਾ ਬੂਟੀ ੬ ਮਾਸ਼ੇ ਦੇ ਕਰੀਬ ਲੈ, ਪਹਿਲੇ ਦਿਨ ੩ ਮਾਸ਼ੇ ਦੇ ਦਾਣੇ ਕਾਲੀ ਮਿਰਚ ਪਾ, ਘੋਟ ਕੇ ਚੰਗੀ ਤਰ੍ਹਾਂ ੫–੭ ਘੁੱਟਾਂ ਪਾਣੀ ਬਣਾਕੇ ਪੀ ਲੈਣੀ। ਅਗਲੇ ਦਿਨ ਦੋ ਦਾਣੇ ਕਾਲੀ ਮਿਰਚ ਦੇ ਚੋ ਮਾਸ਼ੇ ਬੂਟੀ ਤੇ ਤੀਜੇ ਦਿਨ ਦੋ ਦਾਣੇ ਕਾਲੀ ਮਿਰਚ ਦਿਓ ਮਾਸ਼ਾ ਬੂਟੀ, ਪਹਿਲਾਂ ਵਾਂਙ ਘੋਟ ਕੇ ਵਰਤਣੀ।

ਤਿੰਨ ਦਿਨ ਹੋਰ ਕੁਝ ਨਹੀਂ ਖਾਣਾ। ਛੱਲੇ ਸਾਬਤ ਪੀਹ ਕੇ ਉਸਦੀ ਖੁਸ਼ਕ ਰੋਟੀ ਸਿਰਫ ਪਾਣੀ ਨਾਲ। ਤਿੰਨ ਦਿਨ ਹਰ ਪ੍ਰਕਾਰ ਦਾ ਸਖਤ ਪਰਹੇਜ।

ਤੋਦੀਆ ਤੇ ਬੁਖਾਰ

(੧) ਲਾਲ ਫਟਕੜੀ ਦੀ ਖਿੱਲ ਬਣਾ ਕੇ ਖੰਡ ਵਿਚ ਮਿਲਾਕੇ ਦੋਣ ਤੇ ਤੋਦੀਆ ਜਾਂ ਆਮ ਬੁਖਾਰ ਨੂੰ ਆਰਾਮ ਆ ਜਾਂਦਾ ਹੈ। ਅਨੁਪਾਨ ਲੋੜ ਅਨੁਸਾਰ।

(੨) ਪੰਚ ਭੱਦਰ ਕਾੜ੍ਹਾ : ਗਲੋਅ, ਚਰਾਇਤਾ, ਪਿਤ ਪਾਪੜਾ, ਨਾਗਰ ਮੋਥਾ ਤੇ ਸੁੰਡ—ਸਮਵਜ਼ਨ।

੨੫ ਨਵੰਬਰ ੧੯੫੮

ਸਤਿਗੁਰੂ ਜੀ ਅੱਜ ੧-੩੦ ਦੁਪਹਿਰੇ ਹਰੀ ਪੁਰ (ਵਡ ਤੀਰਥ) ਨੂੰ ਗੁਰੂ ਨਾਨਕ ਦੇਵ ਜੀ ਦਾ ਜਨਮ-ਪੁਰਬ ਮਨਾਣ ਲਈ ਚਲੇ ਗਏ। ਇਸ਼ਨਾਨ ਕਰਨ ਸਮੇਂ ਆਪ ਨੇ ਪੁਰਾਣੇ ਸਿੱਖਾਂ ਦੀ ਸਰੀਰਕ ਸ਼ਕਤੀ ਦੇ ਬਚਨ ਸੁਣਾਏ।

੨੬ ਨਵੰਬਰ ੧੯੫੮
ਜੀਵਨ ਨਗਰ

ਲਉਚੇ ਪਹਿਰ ਬਾਬਾ ਜੀ ਵੱਡੇ ਆਏ। ਬੜੇ ਪਿਆਰ ਨਾਲ ਮਿਲੇ। ਬਾਬਾ ਜੀ ਦੇ ਦੇਖੇ ਆਉਣ ਤੇ ਕੁਝ ਨੌਜੁਆਨ ਟਹਿਕ ਉਠਦੇ ਹਨ। ਸਤਿਗੁਰਾਂ ਦੇ ਆਉਣ ਤੇ ਬਿਰਧ ਅਤੇ ਸਿਆਣੇ ਖੁਸ਼ ਹੁੰਦੇ ਹਨ।

ਬਾਬਾ ਜੀ ਆਉਂਦਿਆਂ ਹੀ ਸ੍ਰ. ਅਵਤਾਰ ਸਿੰਘ ਕਰੀ ਵਾਲਾ ਤੇ ਮਾਸਟਰ ਅਮਰੀਕ ਸਿੰਘ ਨੂੰ ਨਾਲ ਲੈਕੇ ਅਮਰ ਸਿੰਘ ਨਕੋਦਰ ਦੇ ਖੂਹ ਤੇ ਗਏ। ਅਮਰ ਸਿੰਘ ਦੇ ਖੂਹ ਤੋਂ ਵਾਪਸ ਆਉਂਦਿਆਂ ਬਾਬਾ ਜੀ ਦੋ ਗੁਲਾਬ ਦੇ ਫੁਲ ਲਿਆਏ, ਜੋ ਆਪਣੇ ਨਾਲ ਆਏ ਹੋਰ ਕਈ ਸਾਥੀਆਂ ਸੰਗੋ ਬੜੇ ਪਿਆਰ ਨਾਲ ਮੈਨੂੰ ਦਿਤੇ।

੨੭ ਨਵੰਬਰ ੧੯੫੮
ਜੀਵਨ ਨਗਰ

ਬਾਬਾ ਜੀ ਆਪਣੇ ਸਾਥੀਆਂ ਨਾਲ ੯-੩੦ ਸਵੇਰੇ ਸਰਸੇ ਤੇ ਬਾਦਿਦ ਹਿਸਾਰ ਲਈ ਚਲੇ।

ਮੈਂ ਸੰਤ ਗੁਲਜ਼ਾਰ ਸਿੰਘ ਨੂੰ ਛੋਟੇ ਬਾਬਿਆਂ ਨੂੰ ਮਿਲਾਣ ਲਈ ਤਿਹਾ। ਉਸ ਕਿਹਾ ਕਿ ਮੈਂ ਤਾਰੀਖ ਵਾਲੇ ਦਿਨ ਹੀ ਆਵਾਂ।

ਬਾਬਾ ਜੀ ਵੱਡਿਆਂ ਦੀ ਤਸਵੀਰਾਂ ਨਾਲ ਬਹੁਤ ਦਿਲਚਸਪੀ ਹੈ। ਅੱਜ ਓਹ ਮੁਸਵਰ ਜੀ ਦੇ ਘਰ ਆਪਦੀਆਂ ਪੁਰਾਣੀਆਂ ਫੋਟੋ ਅਤੇ ਤਸਵੀਰਾਂ, ਆਪਣੇ ਸਾਥੀਆਂ ਨਾਲ ਵੇਖਦੇ ਰਹੇ।

੨੮ ਨਵੰਬਰ ੧੯੫੮
ਜੀਵਨ ਨਗਰ

ਸਵੇਰੇ ਉਠਿਆ ਤਾਂ ਦਿਨ ਕੁਝ ਝੜ ਵਾਲਾ ਹੀ ਬਣ

Sri Satguru Jagjit Singh Ji Elibrary NamdhariElibrary@gmail com

ਰਿਹਾ ਸੀ। ਬਾਬਾ ਜੀ ਵੱਡੇ ਰਾਤੋ ਰਾਤ ਪਰਤ ਆਏ ਸਨ। ੯ ਕੁ ਵਜੇ ਉਹ ਮੁੜ ਸਰਸੇ ਨੂੰ ਚਲੇ ਗਏ ਤੇ ਏਥੋਂ ਫ਼ਾਦਿਦ ਬਾਜੇ (ਜ਼ਿਲ੍ਹਾ ਫੀਰੋਜ ਪੁਰ) ਜਾਣਗੇ।

ਪਤਾ ਲਗਾ ਹੈ ਕਿ ਸਤਿਗੁਰਾਂ ਨੇ 'ਅੱਜ ਜੀਵਨ ਨਗਰ ਆਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਪਰ ਹੁਣ ਦੇਰੇ ਕਰਨੇ ਸ਼ੁਰੂ ਕਰ ਦਿਤੇ ਹਨ।

੨੯ ਨਵੰਬਰ ੧੯੫੮
ਜੀਵਨ ਨਗਰ

ਬਾਬਾ ਜੀ ਵੱਡੇ ਆਏ ਹੋਏ ਸਨ। ਉਹਨਾਂ ਤੋਂ ਪਤਾ ਲਗਾ ਕਿ ਸਤਿਗੁਰੂ ੩ ਦਸੰਬਰ ਨੂੰ ਜੀਵਨ ਨਗਰ ਆਉਣਗੇ।

ਬਾਬਾ ਜਗਜੀਤ ਸਿੰਘ ਜੀ ਸੰਤ ਗੁਰਬਚਨ ਸਿੰਘ ਸੰਤਾਂ ਵਾਲੀ ਦੇ ਅਖੰਡ ਪਾਠ ਤੇ ਗਏ। ਨਾਲ ਮੈਨੂੰ ਵੀ ਲੈ ਗਏ ਜੀਪ ਤੇ ਬਠਾਕੇ। ਸ੍ਰੀ ਟਹਿਲ ਸਿਘ ਤੇ ਸ੍ਰੀ ਗੁਰਮਖ ਸਿੰਘ ਦੁਰਗਾ ਪੁਰੀਆ ਨਾਲ ਸਨ। ਉਹਨਾਂ ਦੇ ਘਰ ਅਖੰਡ ਪਾਠ ਦਾ ਭੋਗ ਸੁਣਕੇ ਸ੍. ਸੁਮਿੰਦਰ ਸਿੰਘ ਦੀ ਬੈਠਕੇ, ਉਸਦੇ ਅਰਚ ਕਰਨ ਤੇ 'ਚਰਨ ਪਾਣ' ਗਏ। ਜੁੜੀ ਬਣੀ ਸੰਗਤ ਵੀ ਨਾਲ ਸੀ। ਬਾਬਾ ਜੀ ਨੂੰ ਭੇਟਾ ਧਰ, ਉਸ ਨਮਸਕਾਰ ਕੀਤੀ।

ਜੀਵਨ ਨਗਰ ਵਾਪਸ ਆਕੇ ਬਾਬਾ ਜੀ ਦਿੱਲੀ ਵੱਲ ਜਾਣ ਲਈ ਤਿਆਰ ਹੋ ਪਏ।

ਸਤਿਗੁਰਾਂ ਤੇ ਬਾਬਾ ਜੀ ਬਿਨਾ ਜੀਵਨ ਨਗਰ ਵਸਦਿਆਂ ਵੀ ਨਾ ਵਸਦਿਆਂ ਵਰਗਾ ਹੁੰਦਾ ਹੈ।

੧ ਦਸੰਬਰ ੧੯੫੮
ਮੁਲਾਕਾਤ ਸਰਸੇ

ਬਾਬਾ ਬੀਰ ਸਿੰਘ ਜੀ ਨਾਲ ਮੈਂ ਤੇ ਸ੍ਰੀ ਹਰਬੰਸ ਸਿੰਘ ਪਰਵਾਨਾ ਨੇ ਮੁਲਾਕਾਤ ਕੀਤੀ। ਬਾਬਾ ਜੀ ਗਿਲਾ ਪਰਗਟ ਕੀਤਾ ਕਿ ਮੈਂ ਆਉਂਦਾ-ਜਾਂਦਾ ਮਿਲਦਾ ਕਿਉਂ ਨਹੀਂ ? ਮੈਂ ਆਪਣੀ ਮਜ਼ਬੂਰੀ ਦੱਸੀ ਕਿ ਉਹਨਾਂ ਨੂੰ ਮਿਲਣ ਲਈ ਰਾਤ ਸਰਸੇ ਹੀ ਕਟਣੀ ਪੈਂਦੀ ਹੈ। ਦੂਰੋਂ ਗਿਆ ਵਾਪਸੀ ਤੇ ਦੇਰ ਹੋ ਜਾਂਦੀ ਹੈ ਜਿਸ ਕਾਰਨ ਅਟਕਿਆ ਨਹੀਂ ਜਾਂਦਾ।

੨ ਦਸੰਬਰ ੧੯੫੮
ਤਾਰੀਖ਼

ਬਾਬਾ ਬੀਰ ਸਿੰਘ ਜੀ ਦੀ ਸਰਸੇ ਕਚਹਿਰੀ ਵਿਖੇ ਤਾਰੀਖ ਸੀ। ਦੀਹਾਂ ਨਾਮਧਾਰੀ ਦਰਸ਼ਨਾਂ ਲਈ ਆਏ। ਮੈਂ ਅਤੇ ਹਰਬੰਸ ਸਿੰਘ ਪਰਵਾਨਾ ਫੇਰ ਬਾਬਾ ਜੀ ਨੂੰ ਮਿਲੇ।

੪ ਦਸੰਬਰ ੧੯੫੮

ਸਤਿਗੁਰੂ ਪ੍ਰਤਾਪ ਸਿੰਘ ਜੀ, ਭਾਈ ਵਜ਼ੀਰ ਸਿੰਘ ਅਤੇ ਸੰਤ ਰਤਨ ਸਿੰਘ ਨਾਲ ਸਵੇਰੇ ੬-੩੦ ਵਜੇ ਜੀਵਨ ਨਗਰ ਆ ਗਏ। ਦਰਸ਼ਨ ਕਰਨ ਗਿਆਂ ਆਪਨੇ ਦਸਿਆ : ਅੱਜ ਬੀਰ ਸਿੰਘ ਦੀ ਰਵਾਨਤ ਬਾਰੇ ਚੰਡੀਗੜ੍ਹੋਂ ਪਤਾ ਲਗ ਜ ਵੇਗਾ, ਤਾਰੀਖ ਹੈ।

ਇਸ ਸੰਬੰਧ ਵਿਚ ਸਵੇਰੇ ਸਵੇਰੇ ਸ਼ਹੀਦੀ ਦੀ ਕਰਵਾਈ। ੧੨ - ੩੦ ਤਕ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ। ਸਤਿਗੁਰੂ ਜੀ ਦੀ ਡਾਕ ਲਿਖੀ।

੫ ਦਸੰਬਰ ੧੯੫੮

ਅਮਰਤਸਰ ਕਲਾਂ ਦੇ ਬਾਰਾਂ ਨਾਮਧਾਰੀਆਂ ਨੂੰ ੪੦ ਮਣ ਦੇ ਕਰੀਬ ਕਣਕ ਉਧਾਰੀ ਦੇਣ ਦੀ ਸਤਿਗੁਰਾਂ ਵਲੋਂ ਆਗਿਆ ਹੋਈ।

ਸਾਰਾ ਦਿਨ ਸਤਿਗੁਰੂ ਜੀ ਨਾਲ ਹੀ ਬਿਤਾਇਆ।

੬ ਦਸੰਬਰ ੧੯੫੮
ਤਹਿਸੀਲਦਾਰ 'ਦੀਵਾਨ'

ਸਤਿਗੁਰੂ ਜੀ ਸਵੇਰੇ ਸਵੇਰੇ ਹੀ ਮੇਰੇ ਕਮਰੇ ਵਿਚ ਆ ਗਏ। ਮੈਂ ਅਜੇ ਨਹਾ ਕੇ ਕਪੜੇ ਪਾ ਰਿਹਾ ਸਾਂ। ਬੰਗਲੇ (ਨਹਿਰ ਬੰਗਲਾ, ਸੰਤ ਨਗਰ) ਤਹਿਸੀਲਦਾਰ 'ਦੀਵਾਨ' ਦਾ ਪਤਾ ਕਰਨ ਲਈ ਮੈਨੂੰ ਭੇਜਿਆ ਕਿ ਉਹ ਕਿਸ ਮਨੋਰਥ ਨਾਲ ਆਇਆ ਹੈ।

ਉਹ (ਤਹਿਸੀਲਦਾਰ ਦੀਵਾਨ) ਗੋਰ ਮੋਰੂਸੀ ਲੋਕਾਂ ਤੇ ਗੋਰ ਅਲਾਟੀ ਲੋਕਾਂ ਤੋਂ ਬਿਨਾ ਹੋਰ ਨਾਮਧਾਰੀ ਬਾਸ਼ਿੰਦਿਆਂ ਲਈ ਨੋਟਿਸ ਲਿਆਇਆ ਕਿ ਦੋਹ ਜ਼ਮੀਨ ਤੇ ਵਸੇਬੇ ਦਾ ਹਾਵ ਨ ਜਾ ਟੈਕਸ ਉਕ੍ਰਾਹਿਆ ਜਾਵੇ। ਮੈਂ ਤੇ ਸ੍. ਹਰੀ ਸਿੰਘ ਵੜਾਈਆ ਪੜ੍ਹ ਕੇ ਆਏ।

ਸਤਿਗੁਰੂ ਜੀ ਦਸਿਆ ਕਿ ਉਹਨਾਂ (ਸਰਕਾਰੀ ਅਫਸਰਾਂ) ਦੀ ਕੋਸ਼ਿਸ਼ ਸਾਡੇ ਮਲਕੀਅਤ ਹੱਕਾਂ ਨੂੰ ਖਰਾਬ ਕਰਨ ਦੀ ਹੈ।

Sri Satguru Jagjit Singh Ji Elibrary NamdhariElibrary@gmail com

ਨ ਮਨਜ਼ੂਰ ਨ ਨਾ-ਮਨਜ਼ੂਰ

ਸ਼੍ਰੀ ਰੂਪ ਸਿੰਘ ਬਾਜਾ ਭੈਣੀ ਸਾਹਿਬ ਤੋਂ ਵੱਡੇ ਬਾਬਾ ਜੀ ਦਾ ਰੁਕਾ ਲਿਆਇਆ ਕਿ ਛੋਟੇ ਬਾਬਾ ਜੀ ਦੀ ਚੰਡੀਗੜ੍ਹ ਵਾਲੀ ਅਰਜ਼ੀ ਨਾਲ ਜ਼ਮਾਨਤ ਨਹੀਂ ਹੋਈ. ਤੇ ਨਾ ਹੀ ਰੀਜੈਕਟ ਹੋਈ ਹੈ।

ਭਾਈ ਰਾਮ ਸਿੰਘ

ਬਾਰਾਂ ਵਜੇ ਜਥੇਦਾਰ ਸਾਧੂ ਸਿੰਘ ਮਜ਼ਹਬੀ ਜਲੰਧਰੀ ਨੇ ਭਾਈ ਰਾਮ ਸਿੰਘ (ਸ. ਭੈਰੋ ਸਿੰਘ ਦਾ ਸਾਢੂ) ਦੀ ਬਖਸ਼ ਬੰਦੀ ਲਈ ਸਤਿਗੁਰਾਂ ਨੂੰ ਕਿਹਾ। ਉੱਤਰ ਸੀ : ਉਸਨੇ ਅਕਾਲੀਆਂ ਤੇ ਵਿਰੋਧੀਆਂ ਪਾਸ ਆਪਣੇ ਆਪ ਨੂੰ ਨਾਮਧਾਰੀਆਂ ਦਾ ਲੀਡਰ ਸਾਬਤ ਕੀਤਾ ਤੇ ਲਿਖਵਾਂਦਾ ਰਿਹਾ ਹੈ। ਉਹ ਸਾਨੂੰ ਲਿਖ ਕੇ ਦੇਵੇ ਕਿ ਉਸਨੇ ਇਹ ਗਲਤੀ ਕੀਤੀ ਸੀ ਤੇ ਉਹ ਝੂਠਾ ਸੀ। ਕਿਸੇ ਦੀਵਾਨ ਵਿਚ ਆਕੇ ਮਾਫੀ ਮੰਗੇ ਤਾਂ ਗੱਲ ਬਣੇਗੀ।

ਸਾਧੂ ਸਿੰਘ ਵਲੋਂ ਦੁਬਾਰਾ ਵਕਾਲਤ ਕਰਨ ਤੇ ਸਤਿਗੁਰੂ ਜੀ ਕੁਸੇ ਹੋਏ। ਕਿਹਾ : ਜੇ ਮੈਨੂੰ ਗਾਲਾਂ ਕੱਢੀਆਂ ਹੁੰਦੀਆਂ ਤਾਂ ਛਡ ਦਿੰਦਾ ਪਰ ਸਕਾਲ ਨਾਮਧਾਰੀ ਪੰਥ ਨੂੰ ਬਦਨਾਮ ਕਰਨ ਦਾ ਹੈ। ਉਸਨੂੰ ਜੋ ਲੋੜ ਹੈ ਤਾਂ ਮੁਆਫੀ ਲਿਖਕੇ ਦੇਵੇ ਤੇ ਦੀਵਾਨ ਵਿਚ ਆਕੇ ਸਜ਼ਾ ਭੁਗਤੇ।

ਬਾਬਾ ਨਿਰੰਜਨ ਸਿੰਘ

ਇਸ ਤੋਂ ਪਹਿਲੋਂ ਸਵੇਰੇ ਸ. ਹਰੀ ਸਿੰਘ ਵਡਾਲੀਆ (ਕਲੀਵੋਲਾ ਪੱਛਮੀ) ਨੇ ਬਾਦ ਨਰਿੰਜਨ ਸਿੰਘ ਕਰੀਵਾਲੇ ਬਾਬਤ ਕਿਹਾ ਸੀ ਕਿ ਉਹ ਬਖਸ਼ਾਣ ਲਈ ਆਉਣਾ ਚਾਹੁੰਦਾ ਹੈ। ਸਤਿਗੁਰਾਂ ਆਖਿਆ : ਉਹ ਕਰੀਵਾਲੇ ਦੀਵਾਨ ਕਰਕੇ ਲਿਖਤੀ ਮਾਫੀ ਮੰਗਣ ਤੇ ਜੋ ਸਜ਼ਾ ਲਾਵਾਂ ਪਰਵਾਨ ਕਰਨ।

੭ ਦਸੰਬਰ ੧੯੫੮
ਜੀਵਨ ਨਗਰ

ਅੱਜ ਸ. ਭੋਜਾ ਸਿੰਘ ਐਮ. ਐਲ. ਸੀ. ਤੇ ਸ਼੍ਰੀ ਕੰਗਾ ਬਿਸ਼ਨ ਵਕੀਲ ਨੇ ਸਤਿਗੁਰੂ ਜੀ ਨਾਲ ਇੱਕ ਮੀਟਿੰਗ ਕੀਤੀ।

ਸੰਤ ਪ੍ਰੀਤਮ ਸਿੰਘ ਜੀ ਚੋਲੇ ਵੇ., ਸੂਬਾ ਵਰਿਆਮ ਸਿੰਘ ਸਮਸਾ ਸੰਤ ਨਗਰ, ਬੀਕਾਨੇਰ ਦਾ ਸੂਬਾ ਜਵੰਦ ਸਿੰਘ, ਸੰਤ ਗੁਰਮੁਖ ਸਿੰਘ ਬੱਬਰ (ਕਰੀਵਾਲਾ), ਸ. ਭਗਤ ਸਿੰਘ ਸੰਤ ਨਗਰ ਆਦਿ ਕੁਝ ਹੋਰ ਸਰੀਰ ਬਾਬਾ ਆਸਾ ਸਿੰਘ ਢੰਟੀਆਂ ਵਾਲੇ (ਸੰਤ ਨਗਰ) ਨੂੰ ਕਹਿਣ ਗਏ ਕਿ ਉਹ ਦੋਹਾਂ ਚੋਂ ਇਕ ਪਾਸਾ ਰਖੇ ਜਾਂ ਸਤਿਗੁਰਾਂ ਵਾਲਾ ਜਾਂ ਸਾਕਾਂ ਵਾਲਾ।

ਗੱਲ ਕੀ ਮੁੱਕੀ ਮੈਨੂੰ ਪਤਾ ਨਹੀਂ ਲਗਾ।

ਮੇਰੇ ਪਰਮ ਮਿਤ੍ਰ ਸੇਠ ਗੁਰਬਖਸ਼ ਸਿੰਘ. ਪ੍ਰੀਤਮ (ਬੈਂਕੋਕ) ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ।

ਪਤਾ ਲਗਾ ਕਿ ਸ. ਰਵੇਲ ਸਿੰਘ ਨੇ ਚੱਕੀਆ (ਮੋਗੀਵਾਲਾ—ਸਰਸਾ) ਅਤੇ ਸ. ਅਵਤਾਰ ਸਿੰਘ ਕਰੀ ਵਾਲਾ ਹੁਰਾਂ ਦੇ ਖਿਲਾਫ ਵੀ ਭਾਈ ਘਸੀਟਾ ਸਿੰਘ ਧੜੇ ਨੇ ਦਰਖਾਸਤ ਦਿਤੀ ਹੈ ਕਿ ਉਹ ਉਹਨਾਂ ਦੇ ਗੁਆਹਾਂ ਨੂੰ ਬੈਠਾਂਦੇ ਹਨ।

ਸ਼ਰਮਿੰਦਗੀ

ਰਾਤੀਂ ੭ ਵਜੇ ਦੀ ਥਾਂ ੭-੩੦ ਵਜੇ ਸਤਿਗੁਰੂ ਜੀ ਪਾਸ ਸੰਤ ਰਣਜੀਤ ਸਿੰਘ ਢਹਿਮੀ, ਸ਼੍ਰੀ ਹਜ਼ੂਰ ਸਿੰਘ ਚੰਦਰਹਾਸ ਅਤੇ ਮੈਂ ਪਹੁੰਚੇ ਤਾਂ ਸਤਿਗੁਰਾਂ ਸ਼ਰਮਿੰਦਾ ਕੀਤਾ ਕਿ ਉਹ ਤਾਂ ਕਈਆਂ ਨਾਲ ਝੁਗਤਦੇ ਹਨ ਪਰ ਅਸੀਂ ਉਹਨਾਂ ਨਾਲ ਝੁਕਣ ਲਈ ਕੱਠੇ ਹੋਕੇ ਵੇਲੇ ਸਿਰ ਨਹੀਂ ਆਉਂਦੇ।

੮ ਦਸੰਬਰ ੧੯੫੮
ਮਿੱਤਰ ਦੀ ਰਾਇ

ਅੱਜ ਸੇਠ ਗੁਰਬਖਸ਼ ਸਿੰਘ (ਬੈਂਕੋਕ) ਵੀ ਸ ਭੋ ਨਾਲ ਹੀ ਸਤਿਗੁਰੂ ਜੀ ਪਾਸ ਗਿਆ। ਬਾਬਾ ਜੀ ਦੇ ਕੇਸ ਬਾਰੇ ਗੱਲਬਾਤ ਕਰਦਿਆਂ ਉਸ ਰਾਇ ਪ੍ਰਗਟ ਕੀਤੀ : ਸਾਨੂੰ ਕਾਂਗਰਸ ਦੇ ਕਾਬਜ਼ ਗਰਪ ਨਾਲ ਹੀ ਰਲ ਕੇ ਚਲਣਾ ਚਾਹੀਦਾ ਹੈ। ਭਾ ਹੀ ਭਲਾ ਹੈ। ਸ. ਪ੍ਰਤਾਪ ਸਿੰਘ ਕੈਰੋਂ ਨਾਲ ਮੋਢਾ ਜੋੜਕੇ ਚਲਿਆ, ਹੀ ਵਿਰੋਧੀਆਂ ਨੂੰ ਪਛਾੜਿਆ ਜਾ ਸਕਦਾ ਹੈ। ਅਤੇ ਇਹਨਾਂ ਦੀ ਪਛਾੜ ਬਿਨਾ ਸਾਡੀ ਦਾਲ ਗਲਣੀ ਔਖੀ ਹੈ।

ਸੇਠ ਜੀ ਦੀ ਰਾਇ ਵਿਚ ਵੱਡੇ ਬਾਬਾ ਜੀ ਨੂੰ ਲੋਕਾਂ ਦੀਆਂ ਸਿਫਾਰਸ਼ਾਂ ਕਰਨ ਲਈ ਦਿੱਲੀ ਹੈਡ ਕੁਆਰਟਰ ਬਣਾਣਾ ਚਾਹੀਦਾ ਹੈ।

ਸਤਿਗੁਰਾਂ ਮੇਰੇ ਨਾਲ ਗੱਲ ਕੀਤੀ : 'ਸਾਨੂੰ ਕਾਕਿਆ ਦਸਿਆ ਨਹੀਂ, ਅਸੀਂ ਪੈਂਹਠ ਹਜ਼ਾਰ ਰੁਪਏ ਦੇ ਕਰਜ਼ਾਈ ਹੋਏ ਪਏ ਹਾਂ। ਮੈਂ ਉਸ ਦਿਨ ਦਾ ਪਰੇਸ਼ਾਨ ਹਾਂ।'

Sri Satguru Jagjit Singh Ji Elibrary NamdhariElibrary@gmail com

ਕਿਸਾਨ ਕਾਨਫਰੰਸ

ਮੈਂ ਅੱਜ ਸਵੇਰੇ ਸਤਿਗੁਰੂ ਜੀ ਨਾਲ ਸੂਬਾ ਕਿਸਾਨ ਸਭਾ ਦੀ ਸਰਸੇ ਵਿਚ ਹੋਣ ਵਾਲੀ ੧੦ ਤਾਰੀਖ ਦੀ ਇਕਤ੍ਰਤਾ ਬਾਬਤ ਜ਼ਿਕਰ ਕੀਤਾ ਸਤਿਗੁਰਾਂ ਉਤਰ ਵਿਚ ਕਿਹਾ : ਅਸੀਂ ਮਦਦ ਸਾਰੀ ਕਰਾਂਗੇ, ਪਰ ਮੈਂਬਰ ਨਹੀਂ ਬਣਦੇ। ਜਲਸੇ ਕਰ ਲੈਣ। ਉਗਰਾਹੀ ਵੀ ਦਿਆਂਗੇ।

ਅਤੇ ਏਸ ਮਸਲੇ ਤੇ ਕੱਲ ਨੂੰ ਇਕ ਇਕੱਠ ਕਰਨ ਲਈ ਸਤਿਗੁਰਾਂ ਪਿੰਡਾਂ ਨੂੰ ਚਿੱਠੀਆਂ ਲਿਖਵਾਈਆਂ।

੯ ਦਸੰਬਰ ੧੯੫੮

ਜਦੋਂ ਅਸੀਂ ਹੁਕਮ ਨਾਮਿਆਂ ਦਾ ਪਾਠ ਕਰਕੇ ਬਗੀਚਿਓਂ ਬਾਹਰ ਆਏ ਤੇ ਬਾਹਰ ਸਾਰੇ ਹੀ ਨਾਮਧਾਰੀ ਪਿੰਡਾਂ ਦੇ ਮੁਖੀ ਤੇ ਕੁਝ ਦਰਸ਼ਕ ਆਏ ਹੋਏ ਸਨ। ਇਹਨਾਂ ਨੂੰ ਲੰਗਰ ਛਕਾਣ ਉਪਰੰਤ ਸਤਿਗੁਰਾਂ ਕਿਸਾਨ ਸਭਾ ਦੇ ਜਲਸਿਆਂ ਵਿਚ ਸ਼ਾਮਲ ਹੋਣ ਲਈ ਕਿਹਾ ਤੇ ਪੱਕੀ ਕੀਤੀ ਉਹ ਕਿਸਾਨ ਸਭਾ ਦੇ ਮੈਂਬਰ ਨਾ ਬਣਨ ਪਰ ਕਿਉਂਕਿ ਉਹ ਕਿਸਾਨਾਂ ਦੇ ਭਲੇ ਲਈ ਕੰਮ ਕਰਦੇ ਹਨ ਇਸ ਲਈ ਉਹਨਾਂ ਦੀ ਮਦਦ ਕੀਤੀ ਜਾਇ ਅਤੇ ਸੁਣਿਆ ਜਾਇ। ਦੂਜੀ ਗੱਲ ਇਕ ਦੁਆਨੀ ਦੀ ਨਹਿਲੀ ਏਕੜ, ਇਕ ਦੁਆਨੀ ਬਰਾਨੀ ਤੇ ਨਾਲੀ ਦੀ ਏਕੜ ਦੇ ਹਿਸਾਬ ਫੰਡ ਉਗਰਾਹਿਆ ਜਾਇ।

ਇਹ ਵੀ ਆਗਿਆ ਕੀਤੀ ਕਿ ਉਗਰਾਹੀ ਕਰਕੇ ਲਿਆਂਦੀ ਜਾਵੇ ਪਰ ਕਿਸਾਨ ਸਭਾ ਮੁਖੀਆਂ ਨੂੰ ਦੇਣਗੇ ਉਹ ਆਪ ਹੀ। ਲਗ ਭਗ ਚਾਰ ਵਜੇ ਲਉਂਦੇ ਵੇਲੇ ਸਤਿਗੁਰੂ ਜੀ ਦਿੱਲੀ ਨੂੰ, ਆਪਣੇ ਸੇਵਕਾਂ ਨਾਲ ਭਵਾਨਾ ਹੋ ਗਏ।

ਕੁਰੰਨ ਲਗਿਆ ਸੰਤ ਸ਼ਿੰਗਾਰਾ ਸਿੰਘ ਕਰੀਵਾਲਾ ਬਾਵਾ ਨਿਰੰਜਨ ਸਿੰਘ ਵਲੋਂ ਖਿਮਾ ਮੰਗਣ ਦੀ ਬੇਨਤੀ ਲੈ ਕੇ ਆਏ। ਬਾਵਾ ਨਿਰੰਜਨ ਸਿੰਘ ਕਰੀਵਾਲਾ ਕਾਂਗਰਸੀ ਕਾਨਫਰੰਸ ਸਮੇਂ, ਗਿਆਨੀ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ, ਉਹਨਾਂ ਦੇ ਮਾਣ ਹਿੱਤ ਇਕ ਮਾਨ ਪਤ੍ਰ ਪੜ੍ਹਿਆ ਜਿਸਦਾ ਮੁਖ ਭਾਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੰਦਾ ਹੀ ਸੀ।

੧੩ ਦਸੰਬਰ ੧੯੫੮
ਦਿੱਲੀ

ਅੱਜ ਏਥੇ ਇਨਕਲਾਬੀ (ਸਰਬ ਭਾਰਤੀ) ਕਾਨਫਰੰਸ ਅਤੇ ਕੌ. ਸੰਮੇਲਨ ਹੋ ਰਿਹਾ ਹੈ। ਪਹਿਲੀ ਦੇਸ਼ ਭਗਤੇ ਇਨਕਲਾਬੀਆਂ ਦੀ ਪ੍ਰਤੀਨਿਧਤਾ ਕਰਦੀ ਹੈ, ਦੂਜਾ ਗਉ ਭਗਤਾਂ ਦੀ ਸਰਪ੍ਰਸਤੀ ਕਰਦਾ ਹੈ।

ਸਤਿਗੁਰੂ ਜੀ ਇਹਨਾਂ ਇੱਕਠਾਂ ਵ ਸਤੇ ਏਥੇ ਆਏ ਹੋਏ ਹਨ। ਮੈਂ ਅਤੇ ਸ੍ਰ. ਅਵਤਾਰ ਸਿੰਘ ਭੱਬਰ (ਕਾਰੀਵਾਲਾ) ਸਾਢੇ ਬਾਰਾਂ ਵਜੇ ਬੱਸ ਦੁਆਰਾ ਸਫਰ ਕਰ ਦਿੱਲੀ ਆਣ ਉਤਰੇ। ਸਤਿਗੁਰੂ ਜੀ ਤਾਂ ਸ਼ਾਮ ਤਕ ਨਾ ਮਿਲੇ ਪਰ ਵਡੇ ਬਾਬਾ ਜੀ ਮਿਲ ਪਏ। ਅਤੇ ਛੋਤੇ ਹੀ ਵੱਡੇ ਬ ਬਾ ਜੀ ਭੈਣੀ ਸਾਹਿਬ ਲਈ ਕਾਰ ਦੁਆਰਾ ਚਲ ਪਏ।

ਰਾਤੀਂ, ਸੇਠ ਕਰਤਾਰ ਸਿੰਘ ਕੰਨਣ ਸਿਆਣ ਬੈਂਕਾਂਕ ਵਾਲੇ ਦੀ ਨਵੀਂ ਖਰੀਦੀ ਕੋਠੀ (ਕਰੋਲ ਬਾਗ) ਵਿਚ ਸਤਿਗੁਰੂ ਜੀ ਨੂੰ ਡਾਕ ਸੁਣਾਈ ਤੇ ਦਿਤੇ ਗਏ ਆਦੇਸ਼ ਅਨੁਸਾਰ ਉੱਤਰ ਲਿਖੇ।

੧੪ ਦਸੰਬਰ ੧੯੫੮
ਦਿੱਲੀ

ਸਤਿਗੁਰੂ ਜੀ ਨਾਲ ਦੂਹਾਂ ਕਾਨਫਰੰਸਾਂ ਵਿਚ ਆਵਾ-ਜਾਈ ਰਹੀ। ਪ੍ਰਸ਼ਾਦ ਛਕਣ ਸਮੇਂ ਮੈਂ ਸਤਿਗੁਰੂ ਜੀ ਨੂੰ ਕਿਸਾਨ ਸਭਾ ਦੀ ਸਰਸਾ ਕਾਨਫਰੰਸ ਤਿਆਰੀ ਕਮੇਟੀ ਦੇ ਕਮ ਤੋਂ ਜਾਣੂ ਕਰਵਾਇਆ ਤੇ ਆਖਿਆ ਕਿ ਜੇ ਆਪਾਂ ਗਉ-ਸੇਵਾ ਲਈ ਸਹਾਇਤਾ ਦੇ ਸਕਦੇ ਹਾਂ ਤਾਂ ਗਰੀਬ ਕਿਸਾਨਾਂ ਦੀਆਂ ਖੁਸ਼ੀਆਂ ਦੀ ਲਈਏ।

ਸਤਿਗੁਰੂ ਜੀ ਨੇ ਮੈਨੂੰ ਕਿਹਾ : ਮੈਨੂੰ ਤੇਰੇ ਕੰਮ ਨਾਲ ਤਸੱਲੀ ਹੁੰਦੀ ਹੈ।

ਸ਼ਾਮ ਨੂੰ ਫਿਰ ਸਤਿਗੁਰੂ ਦੋਹਾਂ ਸੰਮੇਲਨਾਂ ਤੇ ਪਧਾਰੇ।

ਪ੍ਰੀਤਮ ਸਿੰਘ ਪੰਛੀ

ਇਨਕਲਾਬੀ ਕਾਨਫਰੰਸ ਵਿਚ ਮੈਨੂੰ ਮੇਰਾ ਬਾਲ-ਸਖਾਈ ਪ੍ਰੀਤਮ ਸਿੰਘ ਪੰਛੀ ਵੀ ਮਿਲਿਆ — ਦਾੜੀ ਮੁੱਛਾਂ ਤੇ ਕੇਸਾਂ ਵਲੋਂ ਚੱਟਮ, ਯੂ. ਪੀ. ਦੇ ਲੇਖਕਾਂ ਵਰਗਾ, ਹੁਣ ਇਹ ਹਿੰਦੀ ਲੇਖਕ ਬਣਿਆ ਹੈ। ਕਦੇ 'ਸਤਿਜੁਗ' ਦਾ ਸੰਪਾਦਕ ਸੀ। ਕਹਿਣ ਲਗਾ : ਰੋਕਾਰਡ ਤੋਂ ਕਮਿਊਨਿਸਟ ਹੋਣ ਕਰਕੇ ਰਹਿ ਗਿਆ ਨਹੀਂ ਤਾਂ ਜਲੰਧਰ ਰੇਡੀਓ ਤੋਂ ੩੦੦ ਰੁਪਏ ਦੀ ਨੌਕਰੀ ਮਿਲ ਜਾਣੀ ਸੀ।

Sri Satguru Jagjit Singh Ji Elibrary NamdhariElibrary@gmail com

ਮੈਂ ਸਤਿਗੁਰਾਂ ਦੀ ਆਗਿਆ ਅਨੁਸਾਰ ਰਾਤੀਂ ੧੦ ਵਜੇ ਪੰਜਾਬ ਮੇਲ ਤੇ ਸਵਾਰ ਹੋ ਦਿਨ ਚੜੇ ਸਰਸੇ ਪਹੁੰਚ ਗਿਆ।

੧੭ ਦਸੰਬਰ ੧੯੫੮
ਤਾਰੀਖ਼

ਅੱਜ ਬਾਬਾ ਜੀ ਛੋਟਿਆਂ ਦੀ ਤਾਰੀਖ਼ ਸੀ, ਸਰਸੇ। ਲੋਕ ਬੜੇ ਦਰਸ਼ਨਾਂ ਨੂੰ ਗਏ। ਮੇਰਾ ਜੀ ਤਾਂ ਬੜਾ ਕਰਦਾ ਸੀ ਪਰ ਗਿਆ ਨਹੀਂ। ਥਕਾਵਟ ਤੇ ਅਖਬਾਰ ਦੇ ਕੰਮ ਕਾਰਨ।

੧੮ ਦਸੰਬਰ ੧੯੫੮

ਸਤਿਗੁਰੂ ਜੀ ਕੱਲ ਤਕ ਦਿੱਲੀ ਹੀ ਸਨ। ਅੱਜ ਕਾਨ ਪੁਰ ਨੂੰ ਚਲੇ ਗਏ ਹਨ। ਅਗੋਂ ਉਹਨਾਂ ੨੯ ਦਸੰਬਰ ਨੂੰ ਜਾਂ ਇਸ ਤੋਂ ਥੋੜਾ ਅਗੋਂ ਪਿਛੋਂ ਥਾਈਲੈਂਡ ਵੀ ਜਾਣਾ ਹੈ।

ਮੈਂ ਅੱਜ ਪਿੰਡ ਜਾਣਾ ਸੀ। ਵੱਡੇ ਬਾਬਾ ਜੀ ਦਾ ੨ ਵਜੇ ਤਕ ਜੀਵਨ ਨਗਰ ਪਹੁੰਚ ਜਾਣਾ ਸੁਣਿਆ ਸੀ ਉਡੀਕ ਕੇ, ਪਿੰਡ ਲਈ ਬੱਸ ਤੇ ਚੜ੍ਹ ਤੁਰਿਆ।

ਸਰਸੇ ਦੇ ਕਾਮਰੇਡ

ਸਰਸੇ ਪਹੁੰਚਣ ਤੇ ਮੈਨੂੰ ਕਾਮਰੇਡ ਬਖਸ਼ੀ ਨੇ ਨਾਮਧਾਰੀ ਹਲਕੇ ਵਿਚ ਕਿਸਾਨ ਸਭਾ ਦੇ ਜਲਸੇ ਕਰਨ ਦਾ ਪ੍ਰੋਗਰਾਮ ਪੁਛਿਆ। ਕਾਮਰੇਡ ਫੁੰਮਣ ਸਿੰਘ ਢੋਟੀਆਂ ਵਾਲੇ ਨੇ ਕੁਝ ਅਜਿਹੇ ਵਿਚਾਰ ਦਸੇ ਜਿਨ੍ਹਾਂ ਦਾ ਮਤਲਬ ਸੀ ਕਿ ਜੇ ਕੈਰੋਂ ਨਾਲ ਕੋਈ ਵਿਚੋਲਾ ਸੁਲਹ ਦਾ ਰਾਹ ਕਢ ਲਏ ਤਾਂ ਬਾਬਾ ਜੀ ਨੂੰ ਜੇਲ੍ਹ ਚੋਂ ਛੁਟਕਾਰਾ ਦਿਵਾਇਆ ਜਾ ਸਕਦਾ ਹੈ।

ਅੱਜ ਪਹਿਲੀ ਵੇਰ ਮੈਂ ਕਾਮਰੇਡ ਫੁੰਮਣ ਸਿੰਘ ਨਾਲ ਘੰਟਾ ਭਰ ਗੱਲ ਬਾਤ ਕੀਤੀ। ਉਸਦੇ ਸੁਣਨ ਤੋਂ ਮੈਨੂੰ ਇੰਜ ਭਾਸਿਆ ਜਿਵੇਂ ਉਹ ਨਿਰਾ ਕਮਿਊਨਿਸਟ ਨਹੀਂ। ਕੁਝ ਚੌਧਰੀ ਪੁਣਾ ਵੀ ਰਖਦਾ ਹੈ। ਕੈਰੋਂ ਦੀ ਨਾ ਇਨਸਾਫੀ ਖਿਲਾਫ ਡੱਟ ਕੇ ਲੜਨ ਦੀ ਥਾਂ ਉਹ ਸਮਝੌਤੇ ਦਾ ਰਾਹ ਚੁਣਦਾ ਹੈ।

੧ ਜਨਵਰੀ ੧੯੫੯
ਜੀਵਨ ਨਗਰ

ਬਾਬਾ ਜਗਜੀਤ ਸਿੰਘ ਜੀ ਕੱਲ ਦੇ, ਛੇ ਕੁ ਦਿਨ ਜੀਵਨ ਨਗਰ ਰਹਿਣ ਲਈ ਆ ਗਏ ਹਨ। ਉਹਨਾਂ ਕੁਝ ਗੱਲਾਂ ਮੇਰੇ ਨਾਲ ਇਕਾਂਤ ਵਿਚ ਕੀਤੀਆਂ।

ਬਾਬਾ ਬੀਰ ਸਿੰਘ ਜੀ ੨੫-੧੨-੫੮ ਦੀ ਰਾਤੀਂ ਫੀਰੋਜ਼ ਪੁਰ ਸੈਂਟਰਲ ਜੇਲ ਵਿਚ ਲਿਜਾਏ ਗਏ ਹਨ। ਉਹਨਾਂ ਦਾ ਕੇਸ ਉਥੇ ਤਬਦੀਲ ਹੋ ਗਿਆ ਹੈ।

੩ ਜਨਵਰੀ ੧੯੫੯
ਫਗਵਾੜਾ

ਫਗਵਾੜੇ ਸੰਤ ਪ੍ਰੀਤਮ ਸਿੰਘ ਪੱਦੀ ਨੂੰ ਮੈਨੂੰ ਤਕ ਕੇ ਬਹੁਤ ਖੁਸ਼ੀ ਹੋਈ। ਇਹ ਮੈਨੂੰ ਅਫਰੀਕਾ ਖੜਨ ਲਈ ਦਿਲੋਂ ਉਤਾਵਲੇ ਸਨ। ਸਤਿਗੁਰਾਂ ਕਿਹਾ ਸੀ ਕਿ ਜੇ ਮੇਰਾ ਪਾਸਪੋਰਟ ਬਣ ਜਾਵੇ ਤਾਂ ਕੰਪਾਲਾ ਦੇ ਹੋਲੇ ਵਾਸਤੇ ਮੈਂ ਨਾਲ ਜਾਵਾਂ। ਮੈਂ ਤਾਂ ਕੁਝ ਠੰਢਾ ਈ ਸਾਂ ਪਰ ਪ੍ਰੀਤਮ ਸਿੰਘ ਜੀ ਨੇ ਬੜੇ ਜਤਨ ਕੀਤੇ, ਦੋ ਤਾਰਾਂ ਤੇ ਖ਼ਤ ਵਗੈਰਾ ਭੇਜ ਕੇ ਮੈਨੂੰ ਪਰੇਰਿਆ ਸੀ।

ਮੈਂ ਹੁਣ ਏਸ ਮਕਸਦ ਅਤੇ ਬਸੰਤ ਅੰਕ ਲਈ ਲੇਖ ਇਕਤਰ ਕਰਨ ਵਾਸਤੇ ਏਧਰ ਆਇਆ ਸਾਂ। ਪ੍ਰੀਤਮ ਸਿੰਘ ਜੀ ਮੇਰੇ ਨਾਲ ਜਲੰਧਰ ਗਏ ਤੇ ਟਰੈਵਲ ਏਜੰਟਾਂ ਨਾਲ ਗੁਲ ਬਾਤ ਕੀਤੀ। ਰਾਤ ਪੱਦੀ ਆਕੇ ਹੀ ਟਿਕਿਆ।

੪ ਜਨਵਰੀ ੧੯੫੯
ਬਬੇਲੀ

ਸਵੇਰੇ ਇਸ਼ਨਾਨ ਪਾਣੀ ਕਰ ਮੈਂ ਬਬੇਲੀ ਲਈ ਚਲਿਆ। ਏਥੇ ਆਉਣ ਤੇ ਮੈਨੂੰ ਕਾ: ਹਰਕਿਸ਼ਨ ਸਿੰਘ ਸੁਰਜੀਤ ਮਿਲੇ। ਇਹ ਕਮਿਊਨਿਸਟ ਪਾਰਟੀ ਆਫ ਇੰਡੀਆ ਵਲੋਂ ਪੰਜਾਬ ਸੂਬਾ ਸਕੱਤਰ ਹਨ। ਮੇਰੇ ਅਫਰੀਕਾ ਜਾਣ ਲਈ ਪਾਸਪੋਰਟ ਬਾਰੇ ਇਨਾ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਜ਼ਿਲਾ ਜਲੰਧਰ ਕਮੇਟੀ ਦੇ ਸਕੱਤਰ ਦੀ ਡਿਊਟੀ ਲਾਈ ਕਿ ਮੇਰੇ ਲਈ ਕਿਹੜਾ ਅਮਲ ਠੀਕ ਰਹੇਗਾ, ਪਤਾ ਕਰਕੇ ਦਸਣ।

ਏਥੇ ਹੀ ਕਾਮਰੇਡ ਸੁਰਜੀਤ ਜੀ ਨੇ ਦੱਸਿਆ : ਅਸੀਂ ਮਹਾਰਾਜ ਪ੍ਰਤਾਪ ਸਿੰਘ ਜੀ ਨਾਲ ਪੈਸੇ ਇਕੱਠੇ ਕਰਨ ਵਾਲਾ ਕੋਈ ਸੰਬੰਧ ਨਹੀਂ ਚਾਹਦੇ। ਜਿਥੋਂ ਤਕ ਨਾਮਧਾਰੀਆਂ ਦਾ ਸੰਬੰਧ ਹੈ, ਉਹ ਸਾਧਾਰਨ ਕਿਸਾਨ ਹਨ ਤੇ ਉਹਨਾਂ ਦਾ ਭਲਾ ਵੀ ਸਮੁੱਚੀ ਕਿਸਾਨ ਤਹਿਰੀਕ ਨਾਲ ਹੀ ਹੈ। ਬੜੇ ਹਿੱਤ

Sri Satguru Jagjit Singh Ji Elibrary NamdhariElibrary@gmail com

ਪਿਆਰ ਨਾਲ ਗੱਲਾਂ ਬਾਤਾਂ ਹੋਈਆਂ ਤੇ ਬਾਬਾ ਬੀਰ ਸਿੰਘ ਜੀ ਦੇ ਕੇਸ ਬਾਰੇ ਵੀ ਚਰਚਾ ਹੋਈ।

ਕਾਮਰੇਡ ਬੀ. ਐਸ. ਪ੍ਰੇਮ ਨੇ ਉਹ ਸਾਰੀਆਂ ਜ਼ਿਮੇਵਾਰੀਆਂ ਆਪਣੇ ਸਿਰ ਲੈ ਲਈਆਂ ਜੋ ਮੇਰੇ ਪਾਸਪੋਰਟ ਲਈ ਲੜੀਂਦੀਆਂ ਸਨ।

ਬਾਬਾ ਭਾਗ ਸਿੰਘ ਕੈਨੇਡੀਅਨ

ਰਾਤ ਕਾ. ਸ਼ਿਵ ਸਿੰਘ ਕੇ ਘਰ ਰਿਹਾ। ਏਥੇ ਮੇਰੇ ਪਾਸ ਬਾਬਾ ਭਾਗ ਸਿੰਘ ਕੈਨੇਡੀਅਨ ਵੀ ਸੁਤੇ। ਸ਼ਿਵ ਸਿੰਘ ਅਤੇ ਉਨ੍ਹਾਂ ਦੀ ਨੂੰਹ ਸਵਰਨ ਕੌਰ ਵੀ। ਬਾਬਾ ਭਾਗ ਸਿੰਘ ਜੀ ਨੇ ਮੇਰੇ ਬਾਰੇ ਕਿਹਾ : ਤੁਹਾਨੂੰ ਪਹਿਲੀ ਵਾਰ ਮਿਲਣ ਤੇ ਹੀ ਤੁਹਾਡੇ ਬੀਬੇਪਣ ਦਾ ਮੇਰੇ ਤੇ ਅਸਰ ਪੈ ਗਿਆ ਸੀ।

ਅੱਜ ਰਾਤੀਂ ਬਾਬਾ ਭਾਗ ਸਿੰਘ ਹੁਰਾਂ ਦੱਸਿਆ ਕਿ ਕਿਵੇਂ ਉਹ ਆਪਣੀ ਜਵਾਨੀ ਵੇਲੇ ਹੀ ਅਮਰੀਕਾ ਚਲੇ ਗਏ। ਫਿਰ ਉਥੋਂ ਗਦਰ ਪਾਰਟੀ ਦੇ ਸੰਬੰਧ ਵਿਚ ਵਾਪਸ ਹਿੰਦ ਆਏ। ਏਥੇ ਆਕੇ 'ਕਿਰਤੀ' ਰਸਾਲਾ ਕਢਿਆ ਅਤੇ ਉਮਰ ਦੇ ਵੱਡੇ ਹਿਸੇ ਭਾਰਤ ਦੀਆਂ ਜੇਲ੍ਹਾਂ ਵਿਚ ਹੀ ਬਿਤਾਏ। ਅੱਜ ਉਹਨਾਂ ਦੀ ੮੪ ਸਾਲ ਉਮਰ ਹੈ।

ਬਾਬਾ ਜੀ ਨੇ ਇਹ ਵੀ ਦਸਿਆ ਕਿ ਜਦੋਂ ਸੰਨ ੧੯੧੪ ਵਿੱਚ ਅਮਰੀਕਾ ਤੋਂ ਉਹ ਵਾਪਸ ਆ ਰਹੇ ਸਨ ਤਾਂ ਮਾਂਡਲੇ ਵਿਚ ਬਾਬਾ ਲੱਖਾ ਸਿੰਘ (ਗੁਰੂ ਰਾਮ ਸਿੰਘ ਜੀ ਨਾਲ ਜਲਾਵਤਨ ਹੋਏ ਇਕ ਸੂਬੇ) ਨਾਮਧਾਰੀ ਦੇ ਪਰਵਾਰ ਨੂੰ ਮਿਲੇ। ਬਾਬਾ ਜਵਾਲਾ ਸਿੰਘ ਤੇ ਲੱਖਾ ਸਿੰਘ ਹੁਰਾਂ ਦੀਆਂ ਧੀਆਂ ਉਨ੍ਹਾਂ ਨੂੰ ਮਿਲੀਆਂ ਸਨ। ਉਹਨਾਂ ਕਿਹਾ ਸੀ : ਤੁਹਾਡੇ ਵਲੋਂ ਫੈਲਾਏ ਜਾ ਰਹੇ ਗਦਰ ਦੀ ਹਾਲਤ ਵਿਚ ਅਸੀਂ ਨਾਮਧਾਰੀ ਸੰਗਤਾਂ ਨੂੰ ਸੁਨੇਹਾ ਘੱਲਾਂਗੀਆਂ ਕਿ ਉਹ ਵੀ ਤੁਹਾਡੇ ਨਾਲ ਮਿਲ ਕੇ ਬ੍ਰਿਟਿਸ਼ ਰਾਜ ਦੀਆਂ ਜੜਾਂ ਉਖੇੜਨ।

ਤੇ ਇੰਜ ਦੇਸ਼ ਭਗਤੀ ਭਰਪੂਰ ਗੱਲ ਬਾਤ ਦੇ ਵਾਤਾਵਰਣ ਵਿਚ ਅਸੀਂ ਨੀਂਦ ਦੀ ਗੋਦ ਵਿਚ ਚਲੇ ਗਏ।

੫ ਜਨਵਰੀ ੧੯੫੯
ਜਲੰਧਰ

ਸਵੇਰੇ ਰੋਟੀ ਪਾਣੀ ਖਾ ਪੀ ਕੇ ਸਵਾ ਨੌਂ ਦੇ ਕਰੀਬ ਬਾਬਾ ਭਾਗ ਸਿੰਘ, ਸ. ਸ਼ਿਵ ਸਿੰਘ ਤੇ ਮੈਂ ਫਗਵਾੜੇ ਨੂੰ ਚਲੇ। ਸਾਰੀ ਰਾਤ ਕਿਣ ਮਿਣ ਰਹਿਣ ਕਰਕੇ ਰਾਹ ਬੜੇ ਕਸੂਤੇ ਹੋ ਗਏ ਸਨ। ਸਫਰ ਸਾਈਕਲਾਂ ਤੇ ਕਰਨਾ ਸੀ।

ਫਗਵਾੜੇ ੧੧ ਵਜੇ ਪਹੁੰਚ ਗਏ।

ਮੈਂ ਏਥੇ ਬਸੰਤ ਨੰਬਰ ਦੇ ਲੇਖਾਂ ਬਾਰੇ ਸ੍. ਭਜਨ ਸਿੰਘ ਚੇਤਕ ਤੇ ਸ੍. ਮੋਹਨ ਸਿੰਘ ਮਤਵਾਲਾ ਨੂੰ ਮਿਲਣਾ ਸੀ।

੨ ਵਜੇ ਤਕ ਜਲੰਧਰ ਚਲਾ ਗਿਆ।

ਏਥੇ ਕਾ. ਜੋਹਲ, ਪਰਵਾਨਾ, ਆਜ਼ਾਦ ਜੀ, ਦੁਸਾਂਝ ਜੀ, ਗਿਆਨੀ ਸ਼ਾਦੀ ਸਿੰਘ, ਗਿਆਨੀ ਹੀਰਾ ਸਿੰਘ, ਕਾ. ਤੇਰਾ ਸਿੰਘ ਚੰਨ, ਗਿਆਨੀ ਗੁਰਬਖਸ਼ ਸਿੰਘ ਬੰਨੰਆਣਾ, ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਆਦਿਕਾਂ ਨੂੰ ਮਿਲਿਆ ਤੇ ਲੇਖ ਲਿਖਣ ਦੀ ਪੱਕੀ ਕੀਤੀ। ਆਜ਼ਾਦ ਜੀ ਪਾਸ ਰਾਤੀਂ ਗਿਆ। ਪਰ ਰਾਤ ਨਾ ਰਿਹਾ, ਹਾਲਾਂ ਕਿ ਉਹਨਾਂ ਦਾ ਜੀ ਕਰਦਾ ਸੀ। ਰਾਤ ਦਰਸ਼ਨ ਸਿੰਘ ਹੁਰਾਂ ਦੇ ਘਰ ਰਿਹਾ। ਪਾਸਪੋਰਟ ਬਾਰੇ ਗੱਲ ਬਾਤ ਕੀਤੀ।

੬ ਜਨਵਰੀ ੧੯੫੯
ਪ੍ਰੀਤ ਨਗਰ

ਸਵੇਰੇ ਉਠ ਕੇ ਤਿਆਰੀ ਕਰ ੧੦ ਵਜੇ ਤਕ ਮੈਂ ਅਤੇ ਕਾ. ਦਰਸ਼ਨ ਸਿੰਘ ਮਿ. ਗੌਤਮ ਦੇ ਗਏ। ਉਸਨੇ ਸਮਝਾਇਆ ਕਿ ਪਾਸਪੋਰਟ ਸਰਸਿਓਂ ਹੀ ਜਾਰੀ ਕਰਵਾਣਾ ਚਾਹੀਦਾ ਹੈ।

ਫਿਰ ਮੈਂ ਪ੍ਰੀਤ ਨਗਰ (ਅੰਮ੍ਰਿਤਸਰ) ਲਈ ਕੂਚ ਕੀਤਾ। ੪-੩੦ ਵਜੇ ਥਾਮੀਂ ਹੀ ਪਹੁੰਚ ਸਕਿਆ ਸ੍. ਗੁਰਬਖਸ਼ ਸਿੰਘ, ਨਵਤੇਜ ਤੇ ਅਨੰਦ ਜਗਜੀਤ ਸਿੰਘ ਜੀ ਨੂੰ ਮਿਲਕੇ ਸਤਿਜੁਗ ਵਾਸਤੇ ਲੇਖ ਲਿਖਣ ਦੀ ਪੱਕੀ ਕੀਤੀ। ਗੁਰਬਖਸ਼ ਸਿੰਘ ਜੀ ਨੂੰ ਬੜੇ ਸਵੱਛ ਤੇ ਸੁੰਦਰ ਲਿਖਣ ਕਮਰੇ ਤੇ ਡਰਾਇੰਗ ਰੂਮ ਵਿਚ ਮਿਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਦੱਸੀ ਕਿ ਉਹ ਕਿਵੇਂ ਇਹਨਾਂ ਨੂੰ ਮਿਲਣ ਦੇ ਚਾਹਵਾਨ ਹਨ।

ਅਨੰਦ ਜੀ ਨੇ ਮੇਰਾ ਉਚੇਚਾ ਧਿਆਨ ਕਰਕੇ ਖਾਣ ਪੀਣ ਦਾ ਪ੍ਰਬੰਧ ਕਰਵਾਇਆ। ਪਰ ਬੀਬੀ ਉਰਮਿਲਾ ਨੇ ਹੀ ਆਪਣੇ ਘਰ ਦਾ ਸਤਿਕਾਰ ਕਾਇਮ ਰਖਣ ਲਈ ਤੇ ਆਪਣੀ ਵਾਕਫੀ ਦੀ ਠੀਕ ਵਰਤੋਂ ਕਰਨ ਲਈ ਅਨੰਦ ਜੀ ਨੂੰ ਮੇਰੇ ਵਲ ਭੇਜਿਆ। ਨਵਤੇਜ ਜੀ ਦੀ ਕਥਨੀ ਵਿਚ ਮੈਂ ਨੂੰ ਗੰਭੀਰਤਾ ਤੇ ਠਹਰਤਾ ਨਹੀਂ ਅਭਿਮਾਨ ਅਤੇ ਬੇਪ੍ਰਵਾਹੀ ਦੀ ਬੂ ਆਈ।

Sri Satguru Jagjit Singh Ji Elibrary NamdhariElibrary@gmail com

੯ ਜਨਵਰੀ ੧੯੫੯

ਮੈਂ ਵਾਪਸ ਸ੍ਰੀ ਜੀਵਨ ਨਗਰ ਪਹੁੰਚ ਗਿਆ।

੧੦ ਜਨਵਰੀ ੧੯੫੯

ਜੀਵਨ ਨਗਰ

ਖਿਆਲ ਸੀ ਕਿ ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਆਮ (ਥਾਈਲੈਂਡ) ਤੋਂ ਆ ਗਏ ਹੋਣਗੇ ਪਰ ਪਤਾ ਲਗਾ ਹੈ ਕਿ ਉਹ ੯ ਜਨਵਰੀ ਦੇ ਕਲਕਤੇ ਆਏ ਹੋਏ ਹਨ। ਯੂ. ਪੀ. ਦਾ ਦੌਰਾ ਕਰਕੇ ੧੪ ਜਨਵਰੀ ਨੂੰ ਦਿੱਲੀ ਪਹੁੰਚ ਰਹੇ ਹਨ।

ਮੁਸੱਵਰ ਫਰਿਆਮ ਸਿੰਘ ਜੀ ਦੀਆਂ ਸੂਬਾ ਮੀਹਾਂ ਸਿੰਘ ਜੀ ਬਾਰੇ ਬਣਾਈਆਂ ਤਸਵੀਰਾਂ ਵੇਖਣ ਗਿਆ।

੨ ਵਜੇ ਗੁਰੂ ਹੋਰੀ ਸਿੰਘ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ ਵਿਚ ਵਾਲੀ ਵਾਲ ਦਾ ਮੈਚ ਸੀ। ਕਰੀ ਵਾਲੇ ਦੇ ਸਕੂਲੀਆਂ ਤੇ ਜੀਵਨ ਨਗਰ ਦੇ ਸਕੂਲੀਆਂ ਵਿਚਾਲੇ ਮੈਚ ਵੇਖਿਆ। ਕਰੀਵਾਲੇ ਦੇ ਮੁੰਡੇ ਜੁਆਨ ਸਨ, ਜੀਵਨ ਨਗਰ ਦੇ ਹਲਕੇ ਪਰ ਖੇਡ ਚੰਗੀ ਹੋਈ। ਜਿੱਤ ਤਾਂ ਕਰੀਵਾਲੇ ਹੀ ਗਏ ਪਰ ਮੁਸ਼ਕਲ ਨਾਲ ਹੀ। ਮਗਰੋਂ ਮਾਸਟਰਾਂ ਦਾ ਮੈਚ ਹੋਇਆ। ਕਰੀਵਾਲੇ ਇਹਨਾਂ ਨੂੰ ਵੀ ਜਿੱਤ ਗਏ।

੧੭ ਜਨਵਰੀ ੧੯੫੯

ਜੀਵਨ ਨਗਰ

ਅੱਜ ਸਵੇਰੇ ਪੌਣੇ ਨੌਂ ਦੇ ਕਰੀਬ, ਰਾਤ ਭਰ ਰੇਲ ਦਾ ਸਫਰ ਕਰਦਿਆਂ ਮਲੇਰ ਕੋਟਲੇ ਪਹੁੰਚੇ। ਸਟੇਸ਼ਨ ਤੇ ਪੰਡਤ ਸੁੰਦਰ ਲਾਲ ਜੀ, ਸੰਸਾਰ ਅਮਨ ਕੌਂਸਲ ਦੇ ਪ੍ਰਧਾਨਾਂ ਚੋਂ ਇਕ, ਅਤੇ ਭਾਰਤੀ ਅਮਨ ਕੌਂਸਲ ਦੇ ਪ੍ਰਧਾਨ, ਵੀ ਗੱਡੀਓਂ ਉਤਰੇ। ਬੜੇ ਸਾਦਾ ਕਪੜੇ, ਕੰਨ ਕੱਜਦੀ ਗਰਮ ਟੋਪੀ, ਪਾਸ ਇਕ ਸਾਦਾ ਜਿਹਾ ਬਿਸਤਰਾ। ਉਹ ਉਤਰਨ ਤਾਂ ਏਥੇ ਹੀ ਚਾਹਦੇ ਸਨ ਪਰ ਗਲਤੀ ਨਾਲ ਪਹਿਲੀ ਗੱਡੀਏ ਸੁਤੇ ਸੁਭਾਏ ਲੁਧਿਆਣਿਓਂ ਚੜ੍ਹੇ ਪੂਰੀ ਹੀ ਅਪੜ ਗਏ। ਦੁਬਾਰਾ ਸਾਡੇ ਵਾਲੀ ਗੱਡੀ ਤੇ ਆਏ। ਬੜੀ ਪਿਆਰੀ ਰੂਹ ਹੈ। ਬੜਾ ਸਾਦਾ ਤੇ ਸੁੱਚਾ ਆਚਰਨ। ਅਸੀਂ ਇੱਠੇ ਹੀ ਮਲੇਰ ਕੋਟਲੇ ਦੇ ਰੱਕੜ ਵਿਖੇ ਗਏ। ਜਿੱਥੇ ਅੱਜ ਤੋ ਕਲ੍ਹ ਦੇ ਦਿਨ ੬੬ ਨਾਮਧਾਰੀ ਸਿੰਘਾਂ ਨੂੰ ੧੮੭੨ ਈ: ਵਿਚ ਤੋਪਾਂ ਅਗੇ ਉਡਾਇਆ ਗਿਆ ਸੀ।

ਬਾਬਾ ਜਗਜੀਤ ਸਿੰਘ ਜੀ ਦੇ ਸੁਪ੍ਰਬੰਧ ਨਾਲ, ਕੱਲਰ ਵਿਚ ਕੋਂਵਲ ਵਾਂਗ, ਤਖ਼ੇ ਤੇਬੋਟੀਆਂ ਦਾ ਇਕ ਨਗਰ ਤੇ ਪੰਡਾਲ ਸਜ ਗਿਆ ਸੀ। ਸਤਿਗੁਰੂ ਜੀ ੧੦ ਵਜੇ ਦੇ ਕਰੀਬ ਆਏ। ਚਿੱਤ ਮਿਲ ਕੇ ਪ੍ਰਸੰਨ ਹੋ ਗਿਆ। ਅੱਜ ਜਦੋਂ ਮੈਂ ਅਪ ਨੂੰ ਆਪਣੇ ਪਾਸਪੋਰਟ ਬਾਬਤ ਅਰਜ਼ੀ ਦੱਸੀ ਕਿ ਮੈਂ ਜੀਵਨ ਨਗਰੋਂ ਹੀ ਪਾਸ ਪੋਰਟ ਬਾਰੇ ਅਰਜ਼ੀ ਦਿਆਂਗਾ ਤਾਂ ਸਤਿਗੁਰਾਂ ਕਿਹਾ : 'ਵੇਲਾ ਨ ਵੇਖ, ਬਣਵਾ ਲੈ।'

ਸ੍. ਅਵਤਾਰ ਸਿੰਘ ਆਜ਼ਾਦ ਆ ਗਏ ਤੇ ਉਹਨਾਂ ਵੀ ਸੰਗਤ ਦਾ ਖੂਬ ਮੌਕਾ ਦਿਤਾ।

ਪੰ: ਸੁੰਦਰ ਲਾਲ

ਸ਼ਾਮ ਦੇ ਸਦਾ ਚਾਰ ਵਜੇ ਪੰ: ਸੁੰਦਰ ਲਾਲ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਸੰਬੰਧ ਵਿਚ ਇਕ ਪੁਰ ਦਰਦ ਤਕਰੀਰ ਕੀਤੀ। ਇਹਨਾਂ ਨੂੰ, ਸਤਿਗੁਰਾਂ ਤੋਂ ਆਗਿਆ ਲੈ ਕੇ, ਮੈਂ ਹੀ ਸਟੇਜ ਤੇ ਪੇਸ਼ ਕੀਤਾ। ਸਤਿਗੁਰੂ ਜੀ ਪੰਡਤ ਜੀ ਦੀ ਬੜੀ ਇੱਜ਼ਤ ਤੇ ਕਦਰ ਕਰਦੇ ਹਨ। ਅੱਜ ਸਵੇਰੇ ਸਤਿਗੁਰਾਂ ਨੇ ਪੰਡਿਤ ਜੀ ਨੂੰ ਕਿਹਾ : ਜਿਉਂਦੇ ਜੀ ਰੂਸ, ਚੀਨ ਅਤੇ ਜਰਮਨੀ ਦੀ ਯਾਤਰਾ ਕਰਨ ਤੇ ਦਿਲ ਕਰਦਾ ਹੈ, ਪਰ ਤਾਂ ਜੋ ਸੁੱਚੇ ਜਲ ਦਾ ਇੰਤਜ਼ਾਮ ਹੋ ਸਕੇ।

ਸਾਰਾ ਦਿਨ ਹੱਲੇ ਦੇ ਦੀਵਾਨਾਂ ਪੰਡਤ ਜੀ ਅਤੇ ਆਜ਼ਾਦ ਜੀ ਦੇ ਲੈਕਚਰਾਂ ਨਾਲ ਸਮਾਂ ਬਝਿਆ ਰਿਹਾ। ਰਾਤ ਨੂੰ ਕਵੀ ਦਰਬਾਰ ਸ੍ਰੀ ਆਜ਼ਾਦ ਜੀ, ਪੰਡਤ ਗੋਪਾਲ ਸਿੰਘ ਅਤੇ ਮੇਰੀ ਜ਼ਿਮੇਵਾਰੀ ਵਿਚ ਹੋਇਆ। ਸਨਖਤਰਵੀ ਆਤਮਾ ਸਿੰਘ ਜੀ ਦੀ ਕਵਿਤਾ ਚੰਗੀ ਰਹੀ। ਪਰ ਗੁਰਚਰਨ ਸਿੰਘ ਦੀਪਕ ਦੀ ਕਵਿਤਾ ਅਤੇ ਅਦਾਇਗੀ ਵਧੀਆ ਕਵੀਆਂ ਵਾਲੀ ਸੀ।

੧੮ ਜਨਵਰੀ ੧੯੫੯

ਮਲੇਰ ਕੋਟਲਾ

ਬੜਾ ਮਸਰੂਫ ਦਿਨ। ਸਵੇਰੇ ੧੦ ਵਜੇ ਤੋਂ ਹੀ ਦੀਵਾਨ ਸਜ ਗਏ ਸ਼ਾਮੀਂ ੫-੩੦ ਵਜੇ ਜਾ ਸਮਾਪਤੀ ਹੋਈ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਚੋਂ ਹੇਠ ਲਿਖੇ ਸਜਨ ਖਾਸ ਜ਼ਿਕਰਯੋਗ ਹਨ : ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਕਤਰ ਪੰਜਾਬ ਸੂਬਾ ਕਮਿਉਨਿਸਟ ਪਾਰਟੀ, ਕਾਮਰੇਡ ਦਲੀਪ ਸਿੰਘ ਟਪਿਆਲਾ ਪ੍ਰਧਾਨ ਪੰਜਾਬ ਕਿਸਾਨ ਸਭਾ, ਪ੍ਰੋ: ਫਰਿਆਮ ਸਿੰਘ, ਡਾ: ਗੋਪੀ ਚੰਦ ਭਾਰਗੋ ਵਜ਼ੀਰ ਪੰਜਾਬ, ਸ੍: ਪ੍ਰੇਮ ਸਿੰਘ ਪ੍ਰੇਮ, ਗਿਆਨੀ ਜ਼ੈਲ ਸਿੰਘ, ਲਾਲਾ

Sri Satguru Jagjit Singh Ji Elibrary NamdhariElibrary@gmail com

ਹਰਦੇਵ ਸਹਾਇ ਸਕਤ੍ਰ ਭਾਰਤ ਗੋ ਫੱਖਿਆ ਸਮਿਤੀ, ਸ੍ਰ. ਅਜੀਤ ਸਿੰਘ ਸਰਹਦੀ, ਸ੍ਰ: ਬਖਤਾਵਰ ਸਿੰਘ (ਇਸ ਦੀ ਡਿਊਟੀ ਸਰਕਾਰ ਤੋਂ ਜ਼ਮੀਨ ਹਾਸਲ ਕਰਕੇ ਯਾਦਗਾਰ ਬਣਾਨ ਲਈ ਜਤਨ ਦੀ ਲਗਾਈ ਗਈ)।

ਸਮਾਗਮ ਬੜਾ ਸਫਲ ਰਿਹਾ।

੫-੪੫ ਤਕ ਸਤਿਗੁਰੂ ਜੀ ਲੁਧਿਆਣੇ ਵਾਸਤੇ ਚਲੇ ਗਏ।

ਰਾਤ ਮੀਂਹ ਵਲੋਂ ਕਿਣ-ਮਿਣ ਜਾਰੀ ਰਹੀ।

੧੯ ਜਨਵਰੀ ੧੯੫੯
ਜੀਵਨ ਨਗਰ

ਮੀਂਹ ਕਣੀ ਅੱਜ ਵੀ ਰਹੀ। ਮੈਂ ਇਕ ਵਜੇ ਤਕ ਜੀਵਨ ਨਗਰ ਪੁੱਜ ਗਿਆ।

੨੦ ਜਨਵਰੀ ੧੯੫੯
ਜੀਵਨ ਨਗਰ

ਸਤਿਗੁਰੂ ਜੀ ਕਲ ਰਾਤ ਦੇ ਆਏ ਹੋਏ ਸਨ। ਉਹ ਕਲ ਬਾਬਾ ਜੀ ਛੋਟਿਆਂ ਨੂੰ ਫਿਰੋਜ਼ਪੁਰ ਜੇਲ ਵਿਚ ਮਿਲ ਕੇ ਆਏ ਹਨ। ਸਤਿਗੁਰੂ ਜੀ ਨੂੰ ਮਿਲਿਆਂ ਪ੍ਰਸੰਨਤਾ ਬਦੋ ਬਦੀ ਹੋ ਜਾਂਦੀ ਹੈ। ਸਤਿਗੁਰੂ ਜੀ ਨੇ ਘੋੜੇ,ਗਊਆਂ, ਮਹੀਆਂ ਆਦਿ ਦਾ ਆਪ ਜਾਕੇ ਪਤਾ ਕੀਤਾ। ਘੋੜੇ ਬੰਬਈ ਨੂੰ ਭੇਜੇ। ਆਪ ਜੀਪ ਤੇ ਓਟੂ ਤਕ ਨਾਲ ਗਏ।

ਸ਼ਾਮ ਦੇ ਵਕਤ ਸਤਿਗੁਰੂ ਜੀ ਨੇ ਮੈਨੂੰ ਬੁਲਾਕੇ ਫਰਮਾਇਆ : ੧ ਮਾਰਚ ਨੂੰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਬੁਲਾਕੇ ਕੁੱਰਪਸ਼ਨ, ਬੈਟਰਮੈਂਟ ਟੈਕਸ ਅਤੇ ਅੰਨ-ਬੁੜੋਂ ਦੇ ਮਸਲਿਆਂ ਤੇ ਵਿਚਾਰ ਕੀਤੀ ਜਾਵੇ ਕਿ ਕਿਵੇਂ ਇਹ ਬਲਾਵਾਂ ਲੋਕਾਂ ਦੇ ਗਲੋਂ ਲੱਥ ਸਕਦੀਆਂ ਹਨ।

ਇਸ ਬਾਰੇ ਲੰਮਾ ਚਿਰ ਵਿਚਾਰਾਂ ਹੁੰਦੀਆਂ ਰਹੀਆਂ।

੨੧ ਜਨਵਰੀ ੧੯੫੯
ਜਾਨਦਾਰ ਪਲੇਜ

ਅਜ ਛੋਟੇ ਬਾਬਾ ਜੀ ਦੀ ਫੀਰੋਜ਼ਪੁਰ ਵਿਖੇ ਤਾਰੀਖ ਹੈ, ਲੰਗਰ ਵਿਚ ੧੦੦/- ਦਾ ਕੜਾਹ ਪ੍ਰਸ਼ਾਦ ਬਣਿਆ ਸੰਗਤਾਂ ਰੱਜ ਰੱਜ ਛਕਿਆ।

ਸਤਿਗੁਰੂ ਜੀ ੧੧ ਵਜੇ ਦੇ ਕਰੀਬ ਮੈਨੂੰ ਬੁਲਾਇਆ ਇਕ ਦੋ ਜ਼ਰੂਰੀ ਗੱਲਾਂ ਕਰਨੀਆਂ ਸਨ। ਸਤਿਗੁਰਾਂ ਮੁਸਕਰਾ ਕੇ ਉਦਾਰਤਾ ਪਰਗਟ ਕੀਤੀ : ਜਿੰਨੇ ਦਿਨ ਮੈਂ ਏਥੇ ਹਾਂ ਮੈਨੂੰ ਵੀ ਕੋਈ ਕੰਮ ਦਸੋ। ਪਿਆਰੇ ਲਗਦੇ ਹਨ ਸਤਿਗੁਰੂ। ਦਿਲ-ਲਾਉਣੀਆਂ ਗੱਲਾਂ ਕਰਦੇ ਹਨ। ਇਕ ਹਸਾਉਣੀ ਗੱਲ ਯਾਦ ਆਈ ਹੈ। ੧੭ ਜਨਵਰੀ ਨੂੰ ਮਲੇਰ ਕੋਟਲੇ, ਮੈਂ ਸਤਿਗੁਰਾਂ ਨੂੰ ਸ੍ਰ. ਮੇਹਰਬਾਨ ਸਿੰਘ ਅਫਰੀਕਾ ਵਲੋਂ ਭੇਜੇ ਕੁਝ ਫਾਰਮਾਂ ਤੇ ਦਸਤਖਤ ਕਰਵਾਣੇ ਸਨ। ਅੰਗਰੇਜ਼ੀ ਵਿਚ ਇਕ ਇਹ ਵੀ ਪਲੈਜ ਭਰਨਾ ਸੀ ਕਿ ਮੈਂ ਅਫਰੀਕਾ ਵਿਚ ਜਾਕੇ ਵਿਆਹ ਨਹੀਂ ਕਰਵਾਵਾਂਗਾ। ਸਤਿਗੁਰੂ ਜੀ ਪਲੈਜ ਦੇ ਸ਼ਬਦ ਸੁਣ ਕੇ ਕਹਿਣ ਲਗੇ : ਮੈਂ ਨਹੀਂ ਦਸਤਖਤ ਕਰਦਾ। ਫਿਰ ਹੱਸਦੇ ਹੱਸਦੇ ਆਖਿਓ ਨੇ : ਕੀ ਪਤਾ ਓਥੇ ਜਾਕੇ ਜੀ ਕਰ ਈ ਆਏ। ਤੁਸੀਂ ਤਾਂ ਵਿਆਹੇ ਵਰ੍ਹੇ ਓ। ਅਸਾਂ ਜ਼ਰੂਰ ਛੜੇ ਛਾਂਡ ਰਹਿਣਾ ਹੈ ? ਬੜੀ ਹਾਸੜ ਪਈ।

ਪ੍ਰਸ਼ਾਦ ਛਕਣ ਪਿਛੋਂ ਸਤਿਗੁਰੂ ਜੀ ਡਾਕਟਰ ਨੂੰ ਵਛੇਰੇ-ਵਛੇਰੀਆਂ ਦੇ ਨਾਮ ਤੇ ਹੁਲੀਏ ਆਦਿ ਲਿਖਵਾਂਦੇ ਰਹੇ ਤਾਂਕਿ ਜਾਨਵਰ ਰਜਿਸਟਰਡ ਹੋਣ ਲਗਿਆਂ ਤਸਦੀਕੀ ਪਤ੍ਰ ਮਿਲ ਜਾਣ।

੯ ਫਰਵਰੀ ੧੯੫੯
ਜੀਵਨ ਨਗਰ

ਪਿਛਲੇ ਦਿਨਾਂ ਦੀਆਂ ਵਧੇਰੇ ਗੱਲਾਂ ਯਾਦ ਨਹੀਂ ਰਹੀਆਂ। ਕੁਝ ਗੱਲਾਂ ਦੇ ਸੰਖੇਪ ਨੋਟ ਕਰਦਾ ਹਾਂ।

ਡਾ॰ ਬਾਲ ਕਿਸ਼ਨ

੨ ਫਰਵਰੀ ਦੀ ਸ਼ਾਮ ਦੇ ਕਰੀਬ ਡਾ. ਬਾਲ ਕਿਸ਼ਨ ਪੂਨੇ ਵਾਲਾ ਬੰਬਈ ਤੋਂ ਦਿੱਲੀ ਹਵਾਈ ਜਹਾਜ਼ ਦੁਆਰਾ ਸਫਰ ਕਰਕੇ, ਦਿੱਲੀ ਤੋਂ ਸਰਸੇ ਤਕ ਬੱਸ ਰਾਹੀਂ ਅਤੇ ਸਰਸੇ ਤੋਂ ਜੀਵਨ ਨਗਰ ਟੈਕਸੀ ਸਾਈਕਲ ਪਿਛੇ ਬੈਠ ਕੇ ਜੀਵਨ ਨਗਰ ਪੁਜਾ। ਇਕੋ ਦਿਨ ਵਿਚ ਇਕ ਬੰਦੇ ਨੇ ਤਿੰਨ ਵਖ ਵਖ ਸਵਾਰੀਆਂ ਦਾ ਲਾਭ ਅਨੁਭਵ ਕੀਤਾ। (ਉਹਨੀਂ ਦਿਨੀਂ ਜੀਵਨ ਨਗਰ ਨੂੰ ਜਾਣ ਲਈ ਸਰਸੇ ਤੋਂ ਸਾਈਕਲਾਂ ਪਿਛੇ ਜਾਂ ਅਗੇ ਬੈਠ ਕੇ ਜਾਣਾ ਪੈਂਦਾ ਸੀ। ਅਰਥਾਤ ੨੨ ਮੀਲ ਦਾ ਸਫਰ ਟੈਕਸੀ ਸਾਈਕਲ ਤੇ ਦੂਜਾ ਨਹਿਰ ਦੀ ਕੱਚੀ ਪਟੜੀਏ ਜਾਂ ਡੰਡੀਆਂ ਤੇ ਕਰਨਾ ਪੈਂਦਾ ਸੀ।) ਇਸ ਡਾਕਟਰ ਦੀ ਰੋਜ਼ਾਨਾ ਦੀ ੧੦੦ ਰੁਪਏ ਫੀਸ ਤੇ ਆਉਣ ਜਾਣ ਦਾ ਹਵਾਈ ਜਹਾਜ਼ ਤੇ ਦੂਜਾ ਕਰਾਇਆ ਵਖਰਾ ਹੈ। ਇਹ ਡਾਕਟਰ ਤਿੰਨ ਦਿਨ ਤਕ ਦੀਆਂ ਗੱਭਣ ਘੋੜੀਆਂ ਦੇ ਅੰਦਰ ਹੱਥ

Sri Satguru Jagjit Singh Ji Elibrary NamdhariElibrary@gmail com

ਪਾਕੇ ਦੱਸ ਦਿੰਦਾ ਹੈ ਕਿ ਪੇਟ ਵਿਚ ਬੱਚਾ ਹੈ ਜਾਂ ਨਹੀਂ। ਜੇ ਹੈ ਤਾਂ ਜਿਉਂਦਾ ਹੈ ਜਾਂ ਮਰਿਆ।

ਡਾਕਟਰ ਬਾਲ ਕਿਸ਼ਨ ਨੇ ੩ ਫਰਵਰੀ ਨੂੰ ਸਵੇਰੇ ਹੀ ਘੋੜੀਆਂ ਵੇਖ ਕੇ ਦੱਸ ਦਿਤਾ ਕਿ ਕਿੰਨੀਆਂ ਘੋੜੀਆਂ ਬੱਚੇ ਵਾਲੀਆਂ ਹਨ ਕਿੰਨੀਆਂ ਨਹੀਂ ਤੇ ਕਿੰਨੀਆਂ ਨੂੰ ਹੋਣਾ ਈ ਕੁਝ ਨਹੀਂ।

ਸਤਿਗੁਰੂ ਪ੍ਰਤਾਪ ਸਿੰਘ ਜੀ ੨੫ ਜਨਵਰੀ ਦੇ ਏਧਰੋਂ ਗਏ ਹੋਏ ਹਨ। ਦਿੱਲੀ, ਕਰਨਾਲ ਅਤੇ ਬਾਜੇ ਕੇ ਆਦਿ ਤੋਂ ਹੁੰਦਿਆਂ ੪੦ ਜਨਵਰੀ ਨੂੰ ਦੋ ਘੰਟੇ ਲਈ ਦੁਪਹਿਰ ਵੇਲੇ ਨਾਲ ਜੀਵਨ ਨਗਰ ਆਏ। ਫੇਰ ਬੀਕਾਨੇਰ ਦੇ ਦੌਰੇ ਨੂੰ ਚਲ ਪਏ। ਡਾਕਟਰ ਆਏ ਦਾ ਪਤਾ ਕਰਨ ਤੇ ਆਪ ਗੰਗਾ ਨਗਰ ਵਲੋਂ ਦੋ ਕੁ ਘੰਟੇ ਲਈ ਜੀਵਨ ਨਗਰ ਆਏ। ਉਹਨਾਂ ਡਾਕਟਰ ਨੂੰ ਕਿਹਾ : ਜਿੰਨਾ ਚਿਰ ਮਲਜੀ ਦੇ ਏਥੇ ਰਹੁ ਪਰ ਸਾਰੀਆਂ ਘੋੜੀਆਂ ਤੇ ਅਸਤਬਲਾਂ ਦਾ ਸਾਰਾ ਕੰਮ ਠੀਕ ਠਾਕ ਕਰਕੇ ਜਾਹ। ਬਾਲ ਕਿਸ਼ਨ ਡਾਕਟਰ, ੭ ਫਰਵਰੀ ਤਕ ਏਥੇ ਰਿਹਾ।

ਏਡੇ ਮਹਿੰਗੇ ਡਾਕਟਰ ਨੂੰ ਹੱਥੀਂ ਕੰਮ ਕਰਨ ਦਾ ਸ਼ੌਕ ਹੈ ਕਿ ਘੋੜਿਆਂ ਦੀ ਨਾਲ ਬੰਦੀ ਆਪ ਘੋੜਿਆਂ ਦੀਆਂ ਲੱਤਾਂ ਫੜ ਫੜ ਕਰਵਾਂਦਾ ਰਿਹਾ ਹੈ। ਸਾਦਾ ਖਾਣਾ, ਸਾਦਾ ਪਹਿਨਣਾ, ਕੰਮ ਲਈ ਉਦਮ ਅਤੇ ਉਤਸਾਹ ਇਹ ਉਹਦੀਆਂ ਸਿਫਤਾਂ ਹਨ। ਉਸ ਨੇ ਘੋੜਿਆਂ ਵਾਲਿਆਂ, ਖਾਸ ਕਰ ਸੰਤ ਭਰਮ ਸਿੰਘ ਮੁਨੀਮ ਅਤੇ ਸ੍ਰੀ ਜੰਗਾ ਸਿੰਘ ਸਿਆੜੀਏ ਨੂੰ, ਬਹੁਤ ਕੁਝ ਸਿਖਾਇਆ ਹੈ।

੭-੮ ਤੇ ੯ ਫਰਵਰੀ ਨੂੰ ਸੰਤ ਚਰਨ ਸਿੰਘ ਵਹਿਮੀ ਨੇ ਆਪਣੀ ਮਾਤਾ ਦੇ ਸਵਰਗ ਸਿਧਾਰਨ ਪਿਛੋਂ ਇਕੱਠ ਦੇ ਰੂਪ ਵਿਚ ਮੇਲਾ ਕਰਨ ਲਈ ਅਖੰਡ ਪਾਠ ਕਰਵਾਇਆ। ਅੱਜ ਭੋਗ ਪੈਣ ਦੇ ਮੌਕੇ ਤੇ ਸਤਿਗੁਰੂ ਜੀ ਅਤੇ ਵੱਡੇ ਬਾਬਾ ਜੀ ਵੀ ਆਏ।

੧੦ ਫਰਵਰੀ ੧੯੫੯

ਸਤਿਗੁਰੂ ਜੀ ਅਤੇ ਵੱਡੇ ਬਾਬਾ ਜੀ ਅੱਜ ਜੀਵਨ ਨਗਰ ਹੀ ਰਹੇ। ਅੱਜ ਤੇਜ ਹਨੇਰੀ ਨਾਲ ਦਿਨ ਬ ਸੁਆਦ ਹੀ ਰਿਹਾ।

੧੧ ਫਰਵਰੀ ੧੯੫੯

ਜੀਵਨ ਨਗਰ

ਸਤਿਗੁਰੂ ਜੀ ਨੇ ਅੱਜ ੧੦੦੦ ਮਣ ਸੁੱਕੀ ਚਰੀ ਪਿੰਡ ਨਕੋਦੜੇ ਦੇ ਨਾਮਧਾਰੀਆਂ ਵਿਚ ਵੰਡੀ। ਹਰ ਕਿਸਾਨ ਦੇ ਇਕ ਇਕ ਪਸ਼ੂ ਨੂੰ ਪੰਜ ਪੰਜ ਮਣ ਦੇ ਹਿਸਾਬ ਚਰੀ ਦਿਤੀ। ਨਕੋਦੜੇ ਵਾਲਿਆਂ ਨੂੰ ਸੁੱਕੇ ਚਾਰੇ ਦਾ ਬੜਾ ਕਾਲ ਸੀ।

ਸਤਿਗੁਰੂ ਜੀ ਇਕ ਵਜੇ ਦੇ ਕਰੀਬ ਦਿੱਲੀ ਨੂੰ ਚਲੇ ਗਏ।

ਬਾਬਾ ਜੀ ਵੱਡੇ ਦੌਰਾਂ ਦੇ ਹੋਰ ਕੰਮ ਨਜਿੱਠਣ ਲਈ ਏਥੇ ਹੀ ਠਹਿਰ ਗਏ ਹਨ।

ਕੱਲ੍ਹ ਨੂੰ ਬਸੰਤ ਪੰਚਮੀ ਹੈ। ਅੱਜ ਨਾਮਧਾਰੀਆਂ ਦੇ ਹੱਥਾਂ ਵਿਚ 'ਸਤਿਜੁਗ' ਚਾਹੀਦਾ ਸੀ। ਪਰ ਅਸੀਂ ਪਿੰਡ ਵਿਚ ਪ੍ਰੈਸ ਲਈ ਉਠਦੀਆਂ ਪਰੇਸ਼ਾਨੀਆਂ ਨਾਲ ਦੋ-ਚਾਰ ਹੁੰਦੇ ਅਜੇ ਵੀ ਅੰਕ ਵੇਲੇ ਸਿਰ ਪ੍ਰਕਾਸ਼ਤ ਨਹੀਂ ਕਰ ਸਕੇ। ਮੁਸੱਵਰ ਜੀ ਤਸਵੀਰਾਂ ਲੈ ਕੇ ਨਹੀਂ ਆਏ।

ਮੈਂ ਕੱਲ੍ਹ ਆਪਣੇ ਘਰ ਚਲਾ ਜਾਵਾਂਗਾ—ਪੰਜਾਵੇ।

੧੬ ਫਰਵਰੀ ੧੯੫੯

ਜੀਵਨ ਨਗਰ

ਸ੍ਰੀ ਫੌਜਾ ਸਿੰਘ ਖੁੱਡੀਆਂ ਵਾਲੇ ਤੋਂ ਪਤਾ ਲਗਾ ਕਿ ਪੰਡਤ ਮੋਕਾ ਸਿੰਘ ਵਲਟੋਹੇ ਵਾਲੇ ਬਾਬਾ ਜੀ ਦੇ ਕੇਸ ਬਾਰੇ ਕੁਝ ਮਦਦ ਕਰਨੀ ਚਾਹੁੰਦਾ ਹੈ।

ਕਾ: ਅਮਰ ਸਿੰਘ ਰਾਣੀਆਂ, ਮੈਨੂੰ ਮਿਲਿਆ ਤਾਂਕਿ ਸਤਿਗੁਰਾਂ ਦੇ ਪੰਜਾਬ ਕਿਸਾਨ ਸਭਾ ਦੇ ਫੰਕਸ਼ਨ ਲਈ ਦੋ ਹਜ਼ਾਰ ਰੁਪਏ ਦੇਣ ਦੇ ਬਚਨ ਨੂੰ ਅਮਲੀ ਜਾਮਾ ਪੁਆਇਆ ਜਾਇ।

ਕਿਸਾਨ ਸਭਾ ਨੇ ਦੋ ਫਰਵਰੀ ਤੋਂ ਖੁਸ਼ ਹੈਸੀਅਤੀ ਟੈਕਸ ਵਿਰੁੱਧ ਮੋਰਚਾ ਜਾਰੀ ਕਰ ਦਿਤਾ ਹੈ। ਉਸ ਬਾਬਤ ਹਿਸਾਰ ਤੇ ਸਰਸਾ ਵਿਚ ਵੀ ਤਿਸਾਨਾ ਨੇ ਜਾ ਗ੍ਰਿਫਤਾਰੀ ਦਿਤੀ ਹੈ ਤੇ ਦੇ ਰਹੇ ਹਨ। ਸਰਕਾਰ ਨੇ ਕਾ: ਮਝੈਹਤਰਾ, ਬਖਸ਼ੀ ਤੇ ਧੀਰ ਆਦਿ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿਤੇ ਹਨ। ਉਹ ਅੰਡਰ ਗ੍ਰਾਊਂਡ ਹੋ ਗਏ ਹਨ। ਉਹਨਾਂ ਸਤਿਗੁਰਾਂ ਦਾ ਪਤਾ ਮੰਗਵਾਇਆ ਹੈ। ਪਰ ਹਜ਼ੂਰ ਦੇ ਏਥੇ ਨਾ ਹੋਣ ਕਾਰਨ ਮੈਂ ਉਤਰ ਨਹੀਂ ਭੇਜ ਸਕਿਆ।

ਸਤਿਗੁਰੂ ਜੀ ਅਜ ੩ ਕੁ ਵਜੇ ਤਕ, ਪਲ ਕੁ ਲਈ ਜੀਵਨ ਨਗਰ ਆਕੇ, ਦਮਦਮੇ (ਸਰਸਾ) ਦਿਨ ਮੇਲੇ ਦੇ ਸਬੰਧ ਵਿਚ ਚਲੇ ਗਏ ਹਨ।

੧੭ ਫਰਵਰੀ ੧੯੫੯

ਸਤਿਗੁਰੂ ਜੀ ਦਮਦਮੇ (ਸਰਸਾ) ਦਿਨ ਮੇਲੇ ਦਾ ਭੋਗ

Sri Satguru Jagjit Singh Ji Elibrary NamdhariElibrary@gmail com

ਪਾ ਕੇ ਏਥੇ ਆਏ ਅਤੇ ਹੋਲੇ ਦੀ ਤਿਆਰੀ ਵਿਚ ਰੁਝ ਗਏ। ਲੰਗਰ ਵਿਚ ਥੋੜੀ ਹੋਰ ਉਸਾਰੀ ਕਰਕੇ ਵਾਧਾ ਕੀਤਾ।

੧੮ ਫ਼ਰਵਰੀ ਦਾ ਸਾਰਾ ਦਿਨ ਜੀਵਨ ਨਗਰ ਹੀ ਸਤਿਗੁਰੂ ਜੀ ਰਹੇ। ਮੈਂ ਕਿਸਾਨ ਸਭਾ ਦੇ ਲੀਡਰ ਦਾ ਸੁਨੇਹਾ ਚੇਤੇ ਕਰਵਾਇਆ ਤਾਂ ਕਹਿਣ ਲਗੇ : ਮੈਂ ਦਮਦਮੇ ਕਹਿ ਕੇ ਆਇਆ ਹਾਂ ਕਿ ਸਭ ਓਗਰਾਹੀ ਦੇਣ।

੧੯ ਫਰਵਰੀ ੧੯੫੯

ਸਤਿਗੁਰੂ ਜੀ ਪਰਸ਼ਾਦ ਛਕ ਕੇ, ਦੁਪਹਿਰੇ, ਦਿੱਲੀ ਵਾਸਤੇ ਚੱਲੇ। ਮੈਨੂੰ ਵੀ ਕਹਿ ਗਏ ਕਿ ਕੱਲ ਸ਼ਾਮ ਤਕ ਦਿੱਲੀ ਜ਼ਰੂਰ ਪਹੁੰਚ ਜਾਣਾ। ਸਤਿਗੁਰਾਂ ਕਾ: ਸੁਰਜੀਤ ਨਾਲ ਗੱਲ ਬਾਤ ਕਰਨ ਦੀ ਇੱਛਾ ਪਰਗਟ ਕੀਤੀ, ਏਸੇ ਲਈ ਮੈਨੂੰ ਵੀ ਦਿੱਲੀ ਅਪੜਨ ਲਈ ਤਾਕੀਦ ਕੀਤੀ ਗਈ।

੨੦ ਫਰਵਰੀ ੧੯੫੯

ਸਵੇਰੇ ਸਾਈਕਲ-ਟੈਕਸੀ ਤੇ ਸਰਸੇ ਨੂੰ ਚਲਿਆ। ਪੁੱਲ ਤੋਂ ਸੰਤ ਬਲਵੰਤ ਸਿੰਘ ਮਸ਼ੀਨਮੈਨ ਵੀ ਨਾਲ ਰਲ ਪਿਆ। ਸਰਸੇ ਤੋਂ ਬੈਂਕੜ ਦੇ ਮੇਰੇ ਮਿੱਤਰ ਸੇਠ ਸੁਹੇਲ ਸਿੰਘ ਧੀਰ ਵੀ ਮਿਲ ਪਏ। ਦਿੱਲੀ ਤੱਕ ਬੜਾ ਸੁਆਦਲਾ ਸਫਰ ਕੀਤਾ। ਸੰਤ ਬਲਵੰਤ ਸਿੰਘ ਤੋਂ ਕਈ ਦਿਲਚਸਪ ਗੀਤ ਸੁਣੇ।

ਰਾਤੀਂ ੮ ਵਜੇ ਦੇ ਕਰੀਬ ਸ. ਸੁੱਚਾ ਸਿੰਘ ਦੇ ੨੪ ਆਰਾਮ ਬਾਗ ਲੇਨ ਵਾਲੇ ਕੁਆਰਟਰ ਵਿਚ ਪਹੁੰਚਿਆ ਜਿਥੇ ਸਤਿਗੁਰੂ ਜੀ ਦਾ ਆਮ ਕਰਕੇ ਡੇਰਾ ਹੁੰਦਾ ਹੈ। ਪਤਾ ਲਗਾ ਕਿ ਸਤਿਗੁਰੂ ਜੀ ਸੰਝੇਲੀ ਚਲੇ ਗਏ ਹਨ, ਕੱਲ ਬਾਰਾਂ ਵਜੇ ਦਿੱਲੀ ਪਰਤਣਗੇ।

ਮੈਂ ਰਾਤ ਨੂੰ ਆਤਮੇ ਮਿੱਤਰ ਸੰਤ ਮੰਗਲ ਸਿੰਘ ਲਾਇਲ ਪੁਰੀ ਦੇ ਘਰ ਆ ਰਿਹਾ।

੨੧ ਫਰਵਰੀ ੧੯੫੯

ਮੈਂ ਅਤੇ ਬਲਵੰਤ ਸਿੰਘ ਜੀ ਨੇ ਮਿਲ ਕੇ ਸਤਿਗੁਰਾਂ ਦੇ ਆਉਣ ਤਕ ਪ੍ਰੈਸ ਨਾਲ ਸੰਬੰਧਤ ਚੀਜ਼ਾਂ ਖਰੀਦੀਆਂ। ਬਲਵੰਤ ਸਿੰਘ ਬੜਾ ਉਦਮੀ ਤੇ ਧਿਆਨ ਵਾਲਾ ਆਦਮੀ ਹੈ। ਅਜ ਕਲ ਮੈਨੂੰ ਵੀ ਚਿੱਤ ਦਿੰਦਾ ਆਦਰ ਕਰਦਾ ਤੇ ਸਲਾਹ ਨਾਲ ਕੰਮ ਕਰਨ ਦੀ ਕੋਸ਼ਸ਼ ਕਰਦਾ ਹੈ।

ਸਤਿਗੁਰੂ ਜੀ ੧੨ ਵਜੇ ਦੁਪਹਿਰੇ ਆਏ ਤੇ ਮੈਨੂੰ ਕਾਮਰੇਡ ਸੁਰਜੀਤ ਨੂੰ ਮਿਲ ਕੇ ਮੁਲਾਕਾਤ ਦਾ ਵਕਤ ਮੁਕੱਰਰ ਕਰਨ ਲਈ ਕਹਿਕੇ ਆਪ ਆਰਮੀ ਹਾਰਸ ਸ਼ੋ ਵੇਖਣ ਚਲੇ ਗਏ।

ਮੈਂ ਵਿੰਡਸਰ ਪਲੇਸ ਚੋਂ ਕਾਮਰੇਡ ਜੀ ਨੂੰ ਜਾ ਲਭਿਆ।

ਦੁੱਖ ਦੀ ਗੱਲ ਹੈ ਕਿ ਸੂਬਾ ਪੰਜਾਬ ਵਿਚ ਖੁਸ਼ ਹੋਸੀਅਤੀ ਟੈਕਸ ਦੇ ਖਿਲਾਫ ਕਿਸਾਨਾਂ ਦਾ ਮੋਰਚਾ ਸਰਗਰਮ ਹੈ। ਰੋਜ਼ ਸੈਂਕੜੇ ਆਦਮੀ ਗ੍ਰਿਫਤਾਰ ਕੀਤੇ ਜਾ ਰਹੇ ਹਨ। ਤੇ ਏਧਰ, ਸਿਆਣੇ ਕਾਮਰੇਡਾਂ ਦੇ ਵਾਰੰਟ ਜਾਰੀ ਹਨ। ਵਿੰਡਸਰ ਪਲੇਸ ਵਿਚ ਮੈਨੂੰ ਕਾਮਰੇਡ ਜੋਸ਼ ਵੀ. ਮਿਲੇ। ਕਾ: ਸੁਰਜੀਤ ਨਾਲ ਗੱਲ ਕਰਨ ਉਪਰੰਤ ਰਾਤੀਂ ੮-੧੫ ਵਜੇ ਮਿਲਣ ਦਾ ਪਰੋਗਰਾਮ ਬਣਾਇਆ।

ਨਾਮਧਾਰੀ ਧਰਮਸਾਲਾ ਪਹਾੜ ਗੰਜ, ਅਤੇ ਸ. ਸੁੱਚਾ ਸਿੰਘ ਦਾ ਘਰ ਨਾਮਧਾਰੀਆਂ ਦੀ ਦਿਲਚਸਪੀ ਦਾ ਕਾਰਨ ਬਣਿਆ ਰਿਹਾ। ਰਾਤੀਂ ੮ ਵਜੇ ਮੈਂ ਤੇ ਸੁੱਚਾ ਸਿੰਘ ਹੁਰੀਂ ਜੀਪ ਲੈ ਕੇ ਵਿੰਡਸਰ ਪਲੇਸ ਤੋਂ ਕਾਮਰੇਡ ਸੁਰਜੀਤ ਨੂੰ ਸ. ਦਲੀਪ ਸਿੰਘ ਦੀ ਕੋਠੀ ਕਰੋਲ ਬਾਗ ਵਿਚ ਮੁਲਾਕਾਤ ਦਾ ਪ੍ਰਬੰਧ ਕੀਤਾ।

ਇਸ ਮੌਕੇ ਤੇ ਸਤਿਗੁਰੂ ਜੀ, ਸੁਰਜੀਤ ਜੀ ਮੈਂ ਅਤੇ ਪੰਡਿਤ ਗੋਪਾਲ ਸਿੰਘ ਹੀ ਮਿਲ ਕੇ ਬੈਠ ਗਏ ਸਾਂ। ਸਤਿਗੁਰਾਂ ਆ ਰਹੀ ਸਰਸਾਂ ਹਲਕੇ ਦੀ ਚੋਣ ਬਾਬਤ ਕਾਮਰੇਡ ਨਾਲ ਗਲ ਬਾਤ ਕੀਤੀ। ਵੈਦ ਰਾਮ ਦਿਆਲ ਦੀ ਚੋਣ ਅਯੋਗ ਕਰਾਰ ਦਿਤੀ ਗਈ ਹੈ। ਪੰਜਾਬ ਕਾਂਗਰਸ ਤੇ ਹਾਈ ਕਮਾਂਡ ਨੇ ਚੌਧਰੀ ਦੇਵੀ ਲਾਲ ਚੁਟਾਲਾ ਨੂੰ ਟਿਕਟ ਦੇ ਦਿਤੀ ਹੈ। ਸਤਿਗੁਰੂ ਜੀ ਨੂੰ ਬੜਾ ਕੰਮ ਹੈ। ਸ.ਭੀ ਪਾਰਟੀ (ਕਮਿਊਨਿਸਟ) ਵੀ ਚੌਧਰੀ ਨੂੰ ਪਰਵਾਨ ਨਹੀਂ ਕਰਦੀ।

ਸੁਆਲ ਚੋਣ ਵਿਚ ਐਂਟੀ-ਕਾਂਗਰਸ ਪਾਰਟੀਆਂ ਦੇ ਏਕੇ ਦਾ ਹੈ। ਸਤਿਗੁਰਾਂ ਨੇ ਆਪਣੇ ਵਿਰੋਧੀ ਨੂੰ ਚਾਰੇ ਖ਼ਨੇ ਚਿੱਤ ਕਰਨ ਦੇ ਸੁਆਲ ਤੇ ਜੋ ਗੱਲਾਂ ਕਾਮਰੇਡ ਸੁਰਜੀਤ ਨਾਲ ਕੀਤੀਆਂ, ਉਸਦੇ ਉਤਰ ਵਿਚ ਸੁਰਜੀਤ ਜੀ ਨੇ ਕਿਹਾ : "ਅਸੀਂ ਜਨ ਸੰਘੀ ਨੂੰ ਵੋਟ ਦੇਣ ਤੋਂ ਅਸਮਰਥ ਹਾਂ। ਸਾਡੀ ਪਾਰਟੀ ਦਾ ਫੈਸਲਾ ਹੈ ਕਿ ਅਸੀਂ ਸਿੱਖਾਂ ਚੋਂ ਅਕਾਲੀ ਫਿਰਕਾ ਪ੍ਰਸਤਾਂ ਅਤੇ ਹਿੰਦੂਆਂ ਚੋਂ ਜਨ ਸੰਘੀਆਂ ਦਾ ਸਾਥ ਨਹੀਂ ਕਰਨਾ, ਮਾਰਨਾ ਜ਼ਰੂਰ ਹੈ ਇਹਨਾਂ ਨੂੰ। ਸੋਸ਼ਲਿਸਟ ਭਾਵੇਂ ਸਾਨੂੰ ਬਹੁਤ ਬੁਰਾ ਭਲਾ ਕਹਿੰਦੇ ਹਨ, ਤੁਹਾਡੇ ਆਖੇ ਲੱਗ ਕੇ ਉਹਨਾਂ ਦੀ ਮਦਦ ਕਰ ਦਿਆਂਗੇ। ਵੈਦ ਦੇ ਭਰਾ

Sri Satguru Jagjit Singh Ji Elibrary NamdhariElibrary@gmail com

ਦੀ ਮਦਦ ਕਰਨ ਨੂੰ ਤਿਆਰ ਹਾਂ। ਪਰ ਅਸੀਂ ਓਸੇ ਆਦਮੀ ਦੀ ਮਦਦ ਕਰਨ ਨੂੰ ਤਿਆਰ ਹੋਵਾਂਗੇ ਜਿਸਨੇ ਕਿਸੇ ਪਾਰਟੀ ਦਾ ਲੇਬਲ ਨਾ ਲੁਆਇਆ ਹੋਵੇ।"

ਫੇਰ ਕਿਸਾਨ ਮੋਰਚੇ ਤੇ ਗੱਲ ਬਾਤ ਹੋਈ। ਸੁਰਜੀਤ ਜੀ ਨੇ ਵਿਆਖਿਆ ਨਾਲ ਦੱਸਿਆ ਕਿ ੧੫ ਮਾਰਚ ਤਕ, ਪੂਰੀ ਉਮੀਦ ਹੈ, ਸਰਕਾਰ ਗੋਡਿਆਂ ਪਰਨੇ ਹੋ ਜਾਵੇ ਅਤੇ ਪੰਜਾਬ ਦੇ ਕਿਸਾਨ ਮੋਰਚੇ ਵਿਚੋਂ ਵਿਜੱਈ ਹੋਕੇ ਨਿਕਲਣ। ਕਾਮਰੇਡ ਨੇ ਉਮੀਦ ਹੀ ਨਹੀਂ ਦਾਵਾ ਕੀਤਾ ਕਿ ਤਦ ਤਕ ੧੫-੨੦ ਹਜ਼ਾਰ ਕਿਸਾਨ ਜੇਲ੍ਹਾਂ ਵਿਚ ਜ਼ਲੇ ਜਾਣਗੇ।

ਰੋਟੀ ਪਾਣੀ ਪਿਛੋਂ ਮੈਂ ਤੇ ਕਾਮਰੇਡ ਵਿੰਡਸਰ ਪਲੇਸ ਚਲੇ ਗਏ।

੨੨ ਫਰਵਰੀ ੧੯੫੯

ਦਿੱਲੀ

ਸਤਿਗੁਰਾਂ ਸਵੇਰੇ ਮੈਨੂੰ ਕਿਹਾ : ਉਮੀਦ ਬੰਦੀ ਨਹੀਂ ਸਮਝੇਤੇ ਦੀ। ਵਿਚੋਲੇ ਦੂਜੀ ਧਿਰ ਨੂੰ ਸੱਚਾ ਝੂਠਾ ਕਹਿਣ ਦੇ ਸਮਰਥ ਨਹੀਂ। ਬੱਲ ਸਾਰਾ ਦਿਨ ਉਹ ਬੰਦੀ ਛੱਡ ਪਕੜ ਨਹੀਂ ਸਕੇ, ਪਰ ਮੈਂ ਅਜ ਵੀ ਉਡੀਕ ਕੇ ਜਾਵਾਂਗਾ।

੬ ਵਜੇ ਦੇ ਕਰੀਬ ਸ. ਨਿਰਮਲ ਸਿੰਘ ਐਕਸੀਅਨ ਦੀ ਬੈਠੀ ਗੁਫੇ ਅਤੇ ਅਖੰਡ ਪਾਠ ਦੇ ਭੋਗ ਸਮੇਂ ਸਾਧ ਸੰਗਤ ਨੂੰ ਦਰਸ਼ਨ ਦਿਤੇ। ਮੈਂ ਵੀ ਨਾਲ ਹੀ ਗਿਆ।

ਸਤਿਗੁਰੂ ਜੀ ਦੋਵੇਂ ਆਰਮੀ ਹਾਰਸ ਸ਼ੋ ਨੂੰ ਚਲੇ ਗਏ ਮੈਂ ਅਤੇ ਸ. ਦੀਸ਼ਰ ਸਿੰਘ ਠੇਕੇਦਾਰ (ਮੱਲੂ ਵਾਲੇ) ੨੪ ਆਰਮ ਬਾਰ ਲੰਚ ਨੂੰ ਆ ਗਏ।

ਸ਼ਾਮ ਦੇ ੫-੩੦ ਵਜੇ ਸੰਤ ਮਹਿਦਰ ਸਿੰਘ ਡਰਾਈਵਰ ਨਾਲ ਜੀਪ ਉਤੇ ਸ. ਜੰਗ ਸਿੰਘ ਰਾਜਾ ਜੰਗ, ਸੰਤ ਸਦਰਨ ਸਿੰਘ ਲਾਂਗਰੀ, ਰਾਗੀ ਦਰਸ਼ਨ ਸਿੰਘ ਅਤੇ ਮੈਂ ਦਿੱਲੀਓਂ ਸਰਸੇ ਵਾਸਤੇ ਚਲ ਪਏ।

੨੪ ਫਰਵਰੀ ੧੯੫੯

ਜੀਵਨ ਨਗਰ

ਅੱਜ ਮੈਨੂੰ ਕੁਝ ਕਾਮਰੇਡਾਂ ਦੀ ਉਡੀਕ ਸੀ ਪਰ ਉਹ ਨਾ ਆਏ। ਹਾਂ ਇਕ ਹੋਰ ਸੱਜਣ ਨੇ ਆਕੇ ਕਾ: ਮਲਹੋਤਰੇ ਦਾ ਸੁਨੇਹਾ ਦਿਤਾ।

ਸਾਰਾ ਦਿਨ ਮੈਂ ਸਤਿਗੁਰਾਂ ਦੀ ਦਿੱਤਾ ਅਨੁਸਾਰ ਕੰਮ ਕਰਦਾ ਰਿਹਾ। ਪਰ ਮੈਨੂੰ ਬੁਖਾਰ ਨੇ ਪਰੇਸ਼ਾਨ ਕੀਤੀ ਰਖਿਆ। ਦੁਪਹਿਰੇ ਜਿਹੇ ਵੱਡੇ ਬਾਬਾ ਜੀ ਵੀ ਆ ਗਏ।

੨੫ ਫਰਵਰੀ ੧੯੫੯

ਜੀਵਨ ਨਗਰ

ਬੁਖਾਰ ਅੱਜ ਵੀ ਹੈ। ਨਿੱਕੇ ਮੋਟੇ ਕੰਮ ਕਰਨੇ ਵੀ ਜ਼ਰੂਰੀ ਹਨ। ਖਲੋਤਾ ਨਹੀਂ ਜਾ ਰਿਹਾ। ਕਾਮਰੇਡ ਜੋਹਲ ਤੇ ਉਸ ਨਾਲ ਅਮਰ ਮੀਤ ਸਿੰਘ ਜੀਵਨ ਨਗਰ ਆਏ। ਕਿਸਾਨ ਮੋਰਚੇ ਬਾਬਤ ਸਤਿਗੁਰੂ ਜੀ ਨਾਲ ਉਨ੍ਹਾਂ ਦੀ ਸਧਾਰਨ ਗੱਲ ਬਾਤ ਹੋਈ। ਉਹ ਪਸ਼ੂ-ਹਾਤੇ ਡੇਰੇ ਦੇ ਹੋਰ ਆਲੇ ਦੁਆਲੇ ਨੂੰ ਵੇਖ ਬੜੇ ਪ੍ਰਭਾਵਤ ਹੋਏ। ਰਾਤ ਰਹਿਣ ਦਾ ਵੱਖ ਇੰਤਜ਼ਾਮ ਕਰ ਦਿਤਾ। ਕੈਰੋਂ ਸਰਕਾਰ ਨੇ ਵਾਰੰਟ ਇਹਨਾਂ ਦੇ ਵੀ ਕੱਢ ਰਖੇ ਹਨ।

੨੬ ਫਰਵਰੀ ੧੯੫੯

ਜੀਵਨ ਨਗਰ

ਅੱਜ ਸਵੇਰੇ ਹੀ ਕਾਮਰੇਡ ਮਲਹੋਤਰਾ ਅਤੇ ਕਾ: ਵੁੱਸਣ ਸਿੰਘ ਆ ਗਏ। ਸਤਿਗੁਰੂ ਜੀ ਨਾਲ ਕਿਸਾਨ ਸਭਾ ਦੀ ਕਾਨਫਰੰਸ ਤੇ ਮੋਰਚੇ ਬਾਬਤ ਗੱਲ ਬਾਤ ਕਰਕੇ ੧੦੦੦/- ਨਾਮਧਾਰੀ ਸੰਗਤ ਵਲੋਂ ਕਿਸਾਨ ਸਭਾ ਦੀ ਸਹਾਇਤਾ ਵਜੋਂ ਦੇਂਡ ਲੈ ਗਏ। ਕਾ: ਮਲਹੋਤਰਾ ਬੜੀ ਤਸੱਲੀ ਨਾਲ ਮਿਲੇ।

੨੮ ਫਰਵਰੀ ੧੯੫੯

ਜੀਵਨ ਨਗਰ

ਸਤਿਗੁਰੂ ਜੀ ਨੇ ਮੈਨੂੰ ਸੱਦ ਕੇ ਸ. ਹਰਭਜਨ ਸਿੰਘ ਸੋਸ਼ਲਿਸਟ ਲੀਡਰ ਨੂੰ ਜਾਕੇ ਮਿਲਣ ਲਈ ਕਿਹਾ ਕਿ ਉਹ ਦੇਵੀ ਲਾਲ ਵਾਲੀ ਸੀਟ ਤੇ ਸੋਸ਼ਲਿਸਟ ਕੈਂਡੀਡੇਟ ਨੂੰ ਬਹਾ ਦੇਣ ਤਾਂਕਿ ਅਸੀਂ ਦੇਵੀ ਲਾਲ ਅਤੇ ਕੈਰੋਂ ਖਿਲਾਫ ਸਾਂਝੀ ਲੜਾਈ ਲੜ ਸਕੀਏ। ਪਰ ਮੇਰੀ ਸਿਹਤ ਕਈਆਂ ਦਿਨਾਂ ਦੇ ਬੁਖਾਰ ਕਾਰਨ ਬਹੁਤ ਮੰਦੀ ਸੀ। ਅੰਤ ਨੂੰ ਸਤਿਗੁਰਾਂ ਇਹ ਡਿਊਟੀ ਵੱਡੇ ਬਾਬਾ ਜੀ ਜ਼ਿਮੇ ਲਗਾ ਦਿਤੀ।

੧ ਮਾਰਚ ੧੯੫੯

ਜੀਵਨ ਨਗਰ

ਮੈਨੂੰ ਅੱਜ ਵੀ ਬੁਖਾਰ ਹੈ। ਦਵਾਈਆਂ ਕੋਈ ਅਸਰ ਨਹੀਂ ਵਖਾ ਸਕੀਆਂ। ਸਤਿਗੁਰੂ ਜੀ ਨੂੰ ਬਸੰਤ ਅੰਕ ਭੇਂਟ ਕੀਤੇ, ਅੱਜ ਹੀ ਮਸਾਂ ਪ੍ਰਕਾਸ਼ਤ ਕਰ ਸਕੇ ਹਾਂ।

ਚੋਣ ਦੇ ਮਸਲੇ ਬਾਰੇ ਵੇਚ ਰਾਮ ਦਿਆਲ ਸਤਿਗੁਰੂ ਜੀ ਪਾਸ ਆਇਆ। ਚੌਧਰੀ ਸ਼ਿਵ ਚਰਨ ਅਤੇ ਸ. ਨਰਿੰਦਰ ਸਿੰਘ ਦੀ।

Sri Satguru Jagjit Singh Ji Elibrary NamdhariElibrary@gmail com

੨ ਮਾਰਚ ੧੯੫੯

ਹੋਲਾ ਜੀਵਨ ਨਗਰ

ਅੱਜ ਤੋਂ ਜੀਵਨ ਨਗਰ ਵਿਚ ਹੋਲਾ ਆਰੰਭ ਹੋ ਗਿਆ ਹੈ। ਦੁਆਲੇ ਦੇ ਨਗਰਾਂ ਅਤੇ ਦੂਜੇ ਪ੍ਰਾਂਤਾਂ ਚੋਂ ਵੀ ਸੰਗਤ ਗੁਰੂ ਦਰਸ਼ਨਾਂ ਨੂੰ ਚਲ ਕੇ ਆਈ ਹੈ। ਦਿਨ ਤੇ ਰਾਤ ਕਥਾ ਕੀਰਤਨ ਹੋ ਰਿਹਾ ਹੈ।

੩ ਮਾਰਚ ੧੯੫੯

ਜੀਵਨ ਨਗਰ

ਹੋਲੇ ਦਾ ਵਿਚਕਾਰਲਾ ਦਿਨ ਹੈ। ਬਹੁਤ ਹੀ ਭੀੜ ਹੋ ਗਈ ਹੈ। ਦੀਵਾਨ ਲਗਦੇ ਅਤੇ ਲੰਗਰ ਖੁਲ੍ਹੇ ਰੂਪ ਵਿਚ ਚਲਦੇ ਹਨ। ਮੇਰੇ ਕਮਰੇ ਵਿਚ ਵੀ ਬਹੁਤ ਰੌਣਕਾਂ ਹਨ। ਮਿਲਣ ਗਿਲਣ ਵਾਲਿਆਂ ਦਾ ਤਾਂਤਾ ਹੈ।

੪ ਮਾਰਚ ੧੯੫੯

ਹੋਲਾ ਜੀਵਨ ਨਗਰ

ਹੋਲੇ ਦਾ ਅੱਜ ਸਮਾਪਤੀ ਦਾ ਦਿਨ ਹੈ। ਰਿੰਨ ਮਨ ਸਰਬ ਸੰਮਤੀ ਨਾਲ ਪਰਵਾਨ ਹੋਏ : ਕਾਂਗਰਸ ਨੇ ਸਾਨੂੰ ਛਡ ਦਿਤਾ ਹੈ। ਦੇਵੀ ਲਾਲ ਦੀ ਉਪਚੋਣ ਵਿਚ ਮੁਖਾਲਫਤ ਕਰਨੀ। ਕਿਸਾਨਾਂ ਦੇ ਖੁਸ਼ ਹੈਸੀਅਤੀ ਟੈਕਸ ਵਿਰੁਧ ਸਤਿਆ-ਗ੍ਰਹੀਆਂ ਨਾਲ ਹਮਦਰਦੀ ਤੇ ਸਰਕਾਰ ਦੇ ਇਸ ਆਰਡੀਨੈਂਸ ਦੇ ਖਿਲਾਫ।

ਮੈਨੂੰ ਖੁਸ਼ੀ ਹੈ ਰਹੀ ਹੈ ਕਿ ਨਾਮਧਾਰੀ ਹੋਲੇ ਤੇ ਕਿਸਾਨਾਂ ਨਾਲ ਹਮਦਰਦੀ ਕੀਤੀ ਹੈ। ਸੰਦੇਹ ਨਹੀਂ ਕਿ ਸਤਿਗੁਰੂ ਜੀ ਦੀ ਹਾਰਦਿਕ ਹਮਦਰਦੀ ਕਿਸਾਨ ਸਤਿਆਗ੍ਰਹਿ ਨਾਲ ਹੈ।

ਮਾਸਟਰ ਤਾਰਾ ਸਿੰਘ ਅਤੇ ਸ. ਕੈਹਰ ਸਿੰਘ ਵੇਰ ਗੀ ਆਦਿ ਅਕਾਲੀ ਸਜਣ ਵੀ ਨਾਮਧਾਰੀ ਹੋਲੇ ਵਿਚ ਪਹੁੰਚੇ ਹਨ। ਲੋਕਾਂ ਦਾ ਵਿਚਾਰ ਹੈ ਕਿ ਆਉਣ ਵਾਲੀ ਉਪ ਚੋਣ ਵਿਚ ਮਿਲਵੇਂ ਫਰੰਟ ਦੀਆਂ ਤਿਆਰੀਆਂ ਹਨ।

ਹੋਲੇ ਦਾ ਭੋਗ ਪੈ ਗਿਆ ਤੇ ਰਾਤ ਤਕ ਸਭ ਰੌਣਕਾਂ ਸਮਾਪਤ ਹੋ ਗਈਆਂ।

੩੧ ਮਾਰਚ ੧੯੫੯

ਜੀਵਨ ਨਗਰ

ਬਾਬਾ ਜੀ ਵਡਿਆਂ ਨੇ ਚੋਣ ਵਿਚ ਭਾਗ ਲੈਣ ਵਾਲਿਆਂ ਦੀ ਇਕ ਮੀਟਿੰਗ ਕਰਕੇ ਲੋਕਾਂ ਨੂੰ ਹੌਸਲਾ ਦਿਤਾ। ਆਖਿਆ : ਦੇਵੀ ਲਾਲ ਭਾਵੇਂ ਜਿੱਤ ਗਿਆ ਹੈ। ਪਰ ਇਖਲਾਕੀ ਤੌਰ ਤੇ ਉਸ ਦੀ ਹਾਰ ਹੈ। ਮੈਨੂੰ ਵੀ ਇਕ ਤਕਰੀਰ ਦਾ ਮੌਕਾ ਮਿਲਿਆ ਜਿਸ ਵਿਚ ਮੈਂ ਹਾਰ ਦੇ ਕਾਰਨਾਂ ਤੇ ਚਾਨਣਾ ਪਾਇਆ।

੧ ਅਪਰੈਲ ੧੯੫੯

ਜੀਵਨ ਨਗਰ

ਸ੍ਰੀ ਬਾਬਾ ਜਗਜੀਤ ਸਿੰਘ ਜੀ ਰਾਤ ਦੇ ਆਏ ਹੋਏ ਹਨ। ਅੱਜ ਉਹਨਾਂ ਸੰਤਾਂ ਵਾਲੀ ਦੇ ਉਜਾਗਰ ਸਿੰਘ ਧੜੇ ਤੇ ਸ਼ਮਿੰਦਰ ਸਿੰਘ ਧੜੇ ਦੀਆਂ ਗੱਲਾਂ ਸੁਣੀਆਂ ਅਤੇ ਝਗੜਾ ਨਜਿਠਣ ਦੀ ਕੋਸ਼ਿਸ਼ ਕੀਤੀ। ਬਾਬਾ ਜੀ ਨੇ ਮੈਨੂੰ ਦਸਿਆ ਕਿ ਸ਼ਮਿੰਦਰ ਸਿੰਘ ਹੁਰਾਂ ਨੂੰ ਜੋ ਕਹੀਏ ਮੰਨ ਜਾਂਦੇ ਹਨ। ਫਰਾਖ ਦਿਲ ਹਨ।

ਫੀਰੋਜ਼ ਪੁਰ ਜ਼ਿਲੇ ਵਿਚੋਂ, ਇਕ ਬੈਰਾਗੀਆਂ ਦਾ ਜਥਾ ਲਗ ਭਗ ੩੦ ਜਣੇ – ਸ੍ਰੀ ਜੀਵਨ ਨਗਰ ਦੇ ਦਰਸ਼ਨਾਂ ਨੂੰ ਆਇਆ। ਬਾਬਾ ਜੀ ਨੇ ਉਹਨਾਂ ਨਾਲ ਗੱਲ ਬਾਤ ਕਰਕੇ ਖੁਸ਼ੀਆਂ ਲਈਆਂ ਦਿਤੀਆਂ। ਇਹ ਲੋਕ ਭੜੋਲਿਆਂ ਵਾਲੀ ਦੇ ਇਕ ਵਿਆਹ ਦਿਚ ਜੰਞ ਦੇ ਤੌਰ ਤੇ ਆਏ ਹਨ।

ਲੜਕਾ ਕਿ ਲੜਕੀ ?

ਬਾਬਾ ਜੀ ਨੇ ਸ. ਅਵਤਾਰ ਸਿੰਘ ਕਰੀਵਾਲਾ ਦੇ ਨਾਲ ਚਲਦੇ ਜਾਂਦਿਆਂ ਮੈਨੂੰ ਦਸਿਆ : ਇਕ ਜੋਤਸ਼ੀ ਕਹਿੰਦਾ ਸੀ, ਸਾਲ ੨੦੧੪ ਬਿ: ਵਿਚ ਤੁਹਾਡੇ ਘਰ ਲੜਕਾ ਹੋਵੇਗਾ। ਮੈਂ ਕਿਹਾ ਕਿ ਜੇ ਇਸਤਰੀ ਪੁਰਸ਼ ਪਰਸਪਰ ਨਾ ਮਿਲਣ ਤਾਂ ਕਿਵੇਂ ਹੋਵੇਗਾ ? ਜੋਤਸ਼ੀ ਨੇ ਲਗਨਾਂ ਮਹੂਰਤਾਂ ਦਾ ਏਸ ਪਖ ਵਿਚ ਮਿਲਣਾ ਦਸ ਕੇ ਇਸ ਅਮਲ ਨੂੰ ਜ਼ਰੂਰੀ ਦਸਿਆ।

ਬਾਬਾ ਜੀ ਨੇ ਅਗੇ ਦਸਿਆ : ਅਸਾਂ ਪਰਸਪਰ ਸੰਕੋਚ ਰਖ ਕੇ ਅਗਲੇ ਸਾਲ ਫਿਰ ਜੋਤਸ਼ੀ ਨੂੰ ਜਾ ਪੁਛਿਆ, ਕਿਥੇ ਗਿਆ ਤੇਰਾ ਲਗਨਾਂ ਦਾ ਜ਼ਰੂਰੀ ਅਮਲ ?

੨ ਅਪਰੈਲ ੧੯੫੯

ਵਡੇ ਬਾਬਾ ਜੀ ਤੇ ਸ. ਅਵਤਾਰ ਸਿੰਘ ਸ. ਤੇਜਾ ਸਿੰਘ (ਬੁਢੀ ਮਾੜੀ) ਨੂੰ ਚੋਟੀਆਂ ਵਾਲਿਆਂ ਤੋਂ ਜ਼ਮੀਨ ਦਾ ਹੱਕ ਦਿਵਾਣ ਲਈ ਸੰਤ ਨਗਰ ਗਏ।

Sri Satguru Jagjit Singh Ji Elibrary NamdhariElibrary@gmail com

੩ ਅਪਰੈਲ ੧੯੫੯

ਜੀਵਨ ਨਗਰ

ਬਾਬਾ ਜੀ ਇਕ ਵਾਰ ਸ਼ਰਮੋਂ ਜਾਕੇ ਵਾਪਸ ਆਏ। ਮੈਂ ਹਰਿਮੰਦਰ ਵਿਚੋਂ ਅਲਮਾਰੀਆਂ ਮੰਗਾ ਕੇ ਆਪਣੇ ਕਮਰੇ ਵਿਚ ਰਖ ਕਿਤਾਬਾਂ ਚਿਣਨ ਵਿਚ ਦਿਹਾੜੀ ਲੰਘਾਈ। ਬਾਬਾ ਜੀ ਵੜੇ ਕੁਝ ਸਮਾ ਮੇਰੇ ਕਮਰੇ ਵਿਚ ਆਕੇ ਮੇਰੇ ਪਾਸ ਬੈਠੇ ਗੱਲ ਬਾਤ ਕਰਦੇ ਰਹੇ। ਮੈਂ ਉਹਨਾਂ ਨੂੰ ਆਖਿਆ : ਗੱਲ ਨਹੀਂ ਬਣਨੀ ਜਦ ਤਕ ਅਸੀਂ ਆਪਣੇ ਪਿੰਡਾਂ ਵਿਚ ਸਿਆਸੀ ਸੂਝ ਵਾਲੇ ਗਰੁਪ ਨਾ ਬਣਾਈਏ।

ਬਾਬਾ ਜੀ ਨੇ ਮੈਥੋਂ ਤਜਵੀਜ਼ ਮੰਗੀ ਅਤੇ ਉਹਨਾਂ ਬੰਦਿਆਂ ਦੇ ਨਾਮ ਜੋ ਇਸ ਦੇ ਯੋਗ ਹੋਣ। ਉਹਨਾਂ ਕਿਹਾ : ਸਤਿਗੁਰਾਂ ਤੋਂ ਮਨਜ਼ੂਰੀ ਉਹ ਲੈ ਦੇਣਗੇ।

ਮੁੱਖ ਅਧਿਆਪਕ

ਮਾਸਟਰ ਨਿਹਾਲ ਸਿੰਘ ਅੱਜ ਸਰਨਾ ਤੋਂ ਰਿਹਾਇਸ਼ ਛਡ ਕੇ ਸ੍ਰੀ ਜੀਵਨ ਨਗਰ ਦੇ ਸਕੂਲ ਵਾਸਤੇ ਆਏ। —ਮੈਂ, ਜਦ ਤਕ ਉਹਨਾਂ ਦੀ ਮੁਨਾਸਬ ਰਿਹਾਇਸ਼ ਦਾ ਪ੍ਰਬੰਧ ਨਾ ਹੋ ਜਾਵੇ ਆਪਣੇ ਕਮਰੇ ਵਿਚ ਰਿਹਾਇਸ਼-ਦੀ ਦਾਅਵਤ ਦਿਤੀ। ਸੂਬਾ ਵਰਿਆਮ ਸਿੰਘ ਨੇ ਮੇਰੀ ਇਸ ਪਹੁੰਚ ਦੀ ਪ੍ਰਸੰਸਾ ਕੀਤੀ।

੫ ਅਪਰੈਲ ੧੯੫੯

ਬਾਬਾ ਜੀ ਵੜੇ, ਸਵੇਰੇ ਹੀ ਦਿੱਲੀ ਵਾਸਤੇ ਚਲੇ ਗਏ।

੧੧ ਅਪਰੈਲ ੧੯੫੯

ਜੀਵਨ ਨਗਰ

ਸਤਿਗੁਰ ਆਏ

ਮੈਂ ਸਮਾਨ ਤਿਆਰ ਕਰਕੇ, ਦੀਵਾਲੀ ਅੰਮ੍ਰਿਤਸਰ ਵੇਖਣ ਦੇ ਖਿਆਲ ਨਾਲ ਪਿਛੋਂ—ਪੰਜਾਵਿਓਂ – ਹੋਕੇ ਜਾਣਾ ਚਾਹੁੰਦਾ ਸਾਂ ਕਿ ਸਤਿਗੁਰੂ ਜੀ ਦੇ ਆਉਣ ਦਾ ਪਤਾ ਲਗਾ। ਉਹ ਆਉਂਦਿਆਂ ਹੀ ਸੰਤ ਆਲਾ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਸੰਤ ਨਗਰ ਜਾਣਾ ਚਾਹੁੰਦੇ ਸਨ।

ਸਤਿਗੁਰਾਂ ਦੇ ਦਰਸ਼ਨ ਮੈਨੂੰ ਬੈਲਾਂ ਦੇ ਡਥੇਲੇ ਵਿਚ ਹੋਏ। ਆਪਣੇ ਨਾਲ ਲਗਾ, ਪਿਆਰ ਨਾਲ ਘੁਟ, ਕੰਨ ਤੇ ਹੱਥ ਫੇਰ, ਦਸਿਆ : ਠੰਰੀਆਂ ਦੋਵੇਂ ਚਿਠੀਆਂ ਮਿਲ ਗਈਆਂ ਸਨ, ਤੇਰੇ ਲਈ ਟਾਈਮਪੀਸ ਆ ਰਿਹਾ ਹੈ। (ਮੈਂ ਸੰਤ ਰਤਨ ਸਿੰਘ ਲਾਂਗਰੀ ਨੂੰ, ਮੇਰੇ ਲਈ ਇਕ ਟਾਈਮਪੀਸ ਲਿਆਉਂਦੇ ਆਉਣ ਬਾਰੇ ਲਿਖਿਆ ਸੀ) ਮੈਂ ਇਕ ਵਜੇ ਤਕ ਸਤਿਗੁਰੂ ਜੀ ਪਾਸ ਹੀ ਰਿਹਾ। ਹੋਰ ਸੰਗਤ ਵੀ ਆਉਂਦੀ ਜਾਂਦੀ ਰਹੀ।

ਅਫਰੀਕਾ ਵਿਚੋਂ

ਸਤਿਗੁਰੂ ਜੀ ਅਫਰੀਕਾ ਵਿਚੋਂ ਹੋ ਕੇ ਆਏ ਸਨ। ੯ ਵਜੇ ਦੇ ਕਰੀਬ ਹਜ਼ੂਰ ਨੇ ਆਪਦੇ ਅਟੈਚੀ ਕੇਸ ਖੁਲ੍ਹਾ ਕੇ ਕਈਆਂ ਦੀਆਂ ਤਸਵੀਰਾਂ ਵਖਾਈਆਂ ਜੋ ਵਲੈਤੀ ਨਸਲ ਦੀਆਂ ਸਨ ਤੇ ਜੋ ਅਫਰੀਕਾ ਵਿਚ ਇਸ ਵਾਰ ਵੇਖ ਕੇ ਆਏ ਸਨ। ਹੋਰ ਵੀ ਫੋਟੋ, ਆਪਣੇ ਦੌਰੇ ਨਾਲ ਸੰਬੰਧਤ ਵਖਾਏ।

ਸਤਿਗੁਰੂ ਜੀ ਨੇ ਦਸਿਆ : ਅਫਰੀਕਾ ਗਉਆਂ ਓਥੋਂ ਖਰੀਦੀਆਂ ਹਨ। ਸਭ ਤੋਂ ਵੱਧ ਮੁਲ ਵਾਲੀ ੧੩੦੦ ਰੁਪਏ ਦੀ ਹੈ। ਪਰ ਸਦਾ ਮਣ ਪਕਾ ਦੁਧ ਦਿੰਦੀ ਹੈ। ਦੂਜੀਆਂ ਕੁਝ ਵਹਿੜਾਂ ਹਨ, ਕੁਝ ਸੂਣ ਵਾਲੀਆਂ। ਇਕ ਵੱਛਾ ਵੀ ਖਰੀਦਿਆ ਹੈ।

ਸਤਿਗੁਰਾਂ ਦੇ ਬੈਗ ਵਿਚੋਂ ਗੰਢਿਆਂ ਅਤੇ ਸਬਜ਼ੀਆਂ ਦੇ ਬੀਜ ਵੀ ਨਿਕਲੇ—ਇਕ ਦੋ ਕਿਤਾਬਾਂ ਵੀ। ਕੰਪਾਲਾ ਵਿਖੇ ਹੋਏ ਹੋਲੇ ਦੀ ਸਫਲਤਾ ਬਾਰੇ ਵੀ ਦਸਿਆ। ਇਕ ਹਜ਼ਾਰ ਸਰੋਤਾਂ ਨੇ ਭਜਨ ਪੂਰ, ਅੰਮ੍ਰਿਤ ਛਕ, ਸਿਖੀ ਧਾਰਨ ਕੀਤੀ ਹੈ। ਮਾਸ ਸ਼ਰਾਬ ਦਾ ਤਿਆਗ ਕੀਤਾ ਹੈ।

ਵਿਸ਼ੇਸ਼ ਮੋਹ

ਜ਼ਿਕਰ ਕਰਦੇ ਕਰਦੇ ਸਤਿਗੁਰੂ ਕਹਿਣ ਲਗੇ : ਅਫਰੀਕਾ ਵਿਚ ਕੁਝ ਬਹੁਤ ਹੀ ਸੁਹਣੀਆਂ ਥਾਵਾਂ ਹਨ। ਜੀ ਕਰਦਾ ਏ, ਉਹਨਾਂ ਵਿਚੋਂ ਕੁਝ ਖਰੀਦੀਏ। ਫੇਰ ਕਵੀ ਜੀ ਨੂੰ ਉਥੇ ਭੇਜਾਂਗੇ, ਤਿੰਨ ਚਾਰ ਸਾਲ ਓਥੇ ਰਹਿ ਕੇ ਆਉਣ। ਫੇਰ ਮੇਰੇ ਵਲ ਖਾਸ ਜ਼ੋਰ ਨਾਲ ਤਕ ਗੰਭੀਰ ਹੋ ਆਖਿਓ ਨੇ : ਕਿਉਂ ਨਹੀਂ, ਜਾਣਨ ਦੇ ਚਾਹਵਾਨਾਂ ਨੂੰ ਦੁਨੀਆਂ ਜ਼ਰੂਰ ਫਿਰ ਕੇ ਵੇਖਣੀ ਚਾਹੀਦੀ ਹੈ।

ਬਾਬਾ ਜੀ ਵੜੇ ਵੀ ਰਾਤ ਦੇ ਆਏ ਹੋਏ ਹਨ।

ਸਤਿਗੁਰੂ ਜੀ ਨੇ ਦਸਿਆ : ਅੋਰਕਾ ਜਾਣ ਲਗਿਆਂ ਬੰਬਈ ਵਿਚ ਸਾਡੇ ਜਹਾਜ਼ ਨੂੰ ਵੀ ਰੋਜ਼ ਪੈਂਦੀ, ਪਰ ਸਾਡੇ ਪਿਛੋਂ ਪ੍ਰੀਤਮ ਸਿੰਘ ਪੱਦੀ ਵਾਲੇ ਦਾ ਜਥਾ ਰੋਕਿਆ ਗਿਆ। ਮਗਰੋਂ ਸੀ. ਆਈ. ਡੀ ਸਾਨੂੰ ਖੱਜਲ ਕਰਨ ਲਈ ਪਹੁੰਚੀ ਹੋਈ ਸੀ। ਉਚੇਚੀਆਂ ਦਿੱਲੀ ਦੀਆਂ ਹਦਾਇਤਾਂ ਮੁਤਾਬਕ। ਪਰ

Sri Satguru Jagjit Singh Ji Elibrary NamdhariElibrary@gmail com

ਪ੍ਰੀਤਮ ਸਿੰਘ ਹੁਰੀਂ ਵੀ ਹਫਤੇ ਬਾਅਦ ਹੋਲੇ ਵਿਚ ਜਾ ਸ਼ਾਮਲ ਹੋਏ। ਅਸੀਂ ਭਾਂਵੇਂ ਕੋਈ ਦਿਤਰਾਜ਼ ਯੋਗ ਸਮਾਨ ਨਾ ਲਿਜਾਂ ਦੇ ਨਾ ਲਿਆਂਦੇ ਹਾਂ ਪਰ ਵਿਰੋਧਤਾ ਕਰਨ ਵਾਲੇ ਮੁਖਾਲਫ ਸਿਰ ਤੇ ਖਫਣ ਬੰਨ੍ਹ ਕੇ ਲਗੇ ਹੋਏ ਹਨ।

ਬਾਅਦ ਦੁਪਹਿਰ ਸਤਿਗੁਰੂ ਜੀ ਸਰਸੇ ਨੂੰ ਚਲੇ ਗਏ— ਜੀਵਨ ਨਗਰ ਬੀਤੀ ਰਾਤ ਦੇ ਹੀ ਆਏ ਹੋਏ ਹਨ।

੧੨ ਅਪਰੈਲ ੧੯੫੯

ਜੀਵਨ ਨਗਰ

ਸਤਿਗੁਰੂ ਜੀ ਨੇ ਰਾਤ ਖੈਰ ਪੁਰ (ਸਰਸਾ ਲਾਗੇ ਪਿੰਡ) ਬਣੀ ਹੈ। ਬਾਬਾ ਜੀ ਵਡੇ ਸਵੇਰੇ ਹਿਸਾਰ ਵਲ ਨੂੰ ਰੁਰੇ। ਮੇਰੇ ਮਿੱਤਰ ਸੰਤ ਗੁਰਬਖਸ਼ ਸਿੰਘ 'ਪ੍ਰੀਤਮ' ਆਪਣੀ ਕਾਰ ਤੇ ਕੁਰੂ ਦਰਸ਼ਨਾਂ ਨੂੰ ਆਏ ਸਨ ਪਰ ਹੁਣ ਵਾਪਸ ਦਿੱਲੀ ਪਰਤ ਜਾਣ ਲੋ। ਸਤਿਗੁਰੂ ਜੀ ਦੀ ਕਾਰ ੯ ਵਜੇ ਤਕ ਪਰਤ ਆਈ ਕੁਝ ਸਾਮਾਨ ਏਥੇ ਰਹਿ ਗਿਆ ਸੀ, ਲੈ ਜਾਣ ਵਾਸਤੇ।

ਮੈਂ ਵੈਸਾਖੀ ਤੇ ਅੰਮ੍ਰਿਤਸਰ ਜਾਣਾ ਤਿਆਗ ਦਿਤਾ ਹੈ।

ਸ੍. ਅਵਤਾਰ ਸਿੰਘ ਭੱਥਰ ਨੇ ਮੈਨੂੰ ਕਿਹਾ ਹੈ ਕਿ ੧੪, ੧੫ ਤੇ ੧੬ ਅਪਰੈਲ ਨੂੰ ਬਾਬਾ ਜੀ ਛੁੱਟਿਆਂ ਦੀ ਤਾਰੀਖ ਹੈ। ਇਸ ਮੌਕੇ ਮੈਂ ਫੀਰੋਜ਼ ਪੁਰ ਜਾਵਾਂ। ਮੈਂ ਵੀ ਇਰਾਦਾ ਕਰ ਲਿਆ ਹੈ।

੧੪ ਅਪਰੈਲ ੧੯੫੯

ਫੀਰੋਜ਼ਪੁਰ

ਵੈਸਾਖੀ ਵਾਲਾ ਦਿਨ ਤੇ ਰਾਤ ਘਰ ਬਿਤਾਕੇ, ਸਵੇਰੇ ਬਸ ਤੇ ਚੜ ੧ ਵਜੇ ਦੁਪਹਿਰੇ ਸੈਸ਼ਨ ਕੋਰਟ ਫੀਰੋਜ਼ਪੁਰ ਪਹੁੰਚਿਆ। ਬਾਬਾ ਬੀਰ ਸਿੰਘ ਜੀ ਦਾ ਕੇਸ ਚਾਲੂ ਹੋ ਚੁਕਾ ਸੀ। ਗੁਆਹ ਭੁਗਤ ਰਹੇ ਸਨ। ਲੰਚ ਟਾਈਮ ਬਾਅਦ ਮੈਂ ਵੀ ਕਚਹਿਰੀ ਅੰਦਰ ਜਾ ਬੈਠਾ। ਬਾਬਾ ਜੀ ਦੀ ਤਰਫੋਂ ਛੇ ਵਕੀਲ ਸਨ।

ਰਾਤੀਂ ਡੇਰਾ ਮਾਈ ਬੰਲਬੀਰ ਕੌਰ ਦੇ ਘਰ ਸੀ। ਜਿਥੇ ਅਕਸਰ ਹੀ ਬਾਬਾ ਜੀ ਦਾ ਲਾਂਗਰੀ ਕੁਲਵੰਤ ਸਿੰਘ ਤੇ ਹੋਰ ਸੰਗਤ ਰਿਹਾਇਸ਼ ਰਖਦੀ ਸੀ। ਇਹ ਘਰ ਅੱਡਾ ਖਾਈ ਦੇ ਨਜ਼ਦੀਕ ਹੈ। ੩੦੦ ਦੇ ਕਰੀਬ ਨਾਮਧਾਰੀ ਬਾਬਾ ਜੀ ਦਾ ਕੇਸ ਸੁਣਨ ਆਏ। ਪਰ ਸਮਾ ਤੇ ਬਹੁਤ ਥੋੜਿਆਂ ਨੂੰ ਮਿਲਦਾ ਹੈ।

੧੫ ਅਪਰੈਲ ੧੯੫੯

ਫੀਰੋਜ਼ਪੁਰ

ਕਚਹਿਰੀ ਦੇ ਸਮੇਂ ਫੇਰ ਹਾਜ਼ਰੀ ਭਾਵੀ ਹੋ ਗਈ। ਬਾਬਾ ਜੀ ਕੜੀ ਲਗੀ, ਬੰਦ ਮੋਟਰ ਵਿਚ, ਸਿਪਾਹੀਆਂ ਨਾਲ ਆਉਂਦੇ। ਕੁਝ ਚਿਰ ਬਾਹਰ ਨਾਮਧਾਰੀਆਂ ਨੂੰ ਦਰਸ਼ਨ ਦੇ ਕੇ, ੧੦ ਵਜੇ, ਅਵਾਜ਼ ਪੈਣ-ਤੇ, ਅਦਾਲਤ ਅੰਦਰ ਚਲੇ ਜਾਂਦੇ। ਅੱਜ ਉਹਨਾਂ ਨੂੰ ਹੋਰਾ ਹੋ ਗਿਆ ਸੀ, ਸਰੀਰ ਜ਼ਰਾ ਕਮਜ਼ੋਰ ਸੀ।

ਨਾਮਧਾਰੀ ਸੰਗਤ ਰੋਜ਼ ਹੀ ਸ਼ਹੀਦੀਆਂ ਤੇ ਵਰਨੀਆਂ ਕਰਕੇ ਬਾਬਾ ਜੀ ਦਾ ਭਲਾ ਮੰਗਦੀ ਹੈ। ਏਧਰਲੇ ਵਕੀਲ ਹਨ: ਮਲਿਕ ਰਾਧਾ ਕ੍ਰਿਸ਼ਨ, ਹਿਸਾਰ ਦਾ ਨਾਮੀ ਕ੍ਰਾਮੀ ਵਕੀਲ; ਮਿ. ਬਤਰਾ, ਹਿਸਾਰ; ਸ੍ਰੀ ਕੁੰਦਨ ਲਾਲ ਮੰਣੀ, ਫੀਰੋਜ਼ ਪੁਰ, ਸ੍ਰੀ ਕ੍ਰਿਸ਼ਨ ਸਰੂਪ ਥਾਪਰ, ਚੰਡੀਗੜ੍ਹ, ਸ੍ਰੀ ਗੰਗਾ ਵਿਸ਼ਨ, ਸਰਸਾ।

ਮੈਂ ਅੱਜ ਰਾਤੀਂ ਵਾਪਸ ਜਾਣ ਨੂੰ ਤਿਆਰ ਸਾਂ ਪਰ ਅਵਤਾਰ ਸਿੰਘ ਭੱਥਰ ਨੇ ਰੋਕ ਲਿਆ ਹੈ।

੧੬ ਅਪਰੈਲ ੧੯੫੯

ਫੀਰੋਜ਼ਪੁਰ

ਅੱਜ ਦੇ ਗੁਆਹ ਆਮ ਕਰਕੇ ਬਾਬਾ ਜੀ. ਦੇ ਖਿਲਾਫ ਗੁਆਹੀਆਂ ਦੇਣ ਵਾਲੇ ਸਨ। ਜੱਜ ਦੇ ਸਾਹਮਣੇ ਵਕੀਲਾਂ ਦੀ ਮਾਰ ਤੋਂ ਬੁਰੀ ਤਰ੍ਹਾਂ ਝੂਠੇ ਹੁੰਦੇ ਹਹੇ ਜਾਪਦੇ ਸਨ।

੧੭ ਅਪਰੈਲ ੧੯੫੯

ਜੀਵਨ ਨਗਰ

ਰਾਤ ਸਰਸੇ ਰਹਿ, ਦੁਪਹਿਰੇ ਜਿਹੇ ਜੀਵਨ ਨਗਰ ਪੁਜਾ ਹਾਂ ਸਾਦ ਸੰਗਤ ਦੇ ਵਖ ਵਖ ਹਿਸਿਆਂ ਨੂੰ ਬਾਬਾ ਜੀ ਦੇ ਕੇਸ ਬਾਰੇ ਵਾਕਫੀ ਦਿਤੀ।

ਇਕ ਚਿੱਠੀ ਬਾਬਾ ਜੀ ਦੀ, ਗੁਲਜ਼ਾਰ ਸਿੰਘ ਵਲੋਂ ਮੈਨੂੰ ਥੋਥੇ ਜੀਆਂ (ਦੋਹਾਂ ਬਾਬਾ ਜੀ ਦੇ ਘਰੋਂ) ਨੂੰ ਦੇਣ ਲਈ ਫੜਾਈ ਗਈ ਸੀ। ਉਹ ਜਾਕੇ ਦਿਤੀ। ਸ਼ਾਇਦ ਇਹ ਪਹਿਲੀ ਵੇਰ ਹੀ ਸੀ ਕਿ ਮੈਂ ਕੁਝ ਮਿੰਟ, ਥੋਥੇ ਗੁਬਿੰਦਣੀ ਅਤੇ ਮਾਈ ਕੁੰਭੀ ਦੇ ਹੁੰਦਿਆਂ, ਉਹਨਾਂ ਪਾਸ ਬਹਿਕੇ ਬਾਬਾ ਜੀ ਦੇ ਕੇਸ ਬਾਰੇ ਧਰਵਾਸ ਦਿਤੀ। ਤੇ ਕਚਹਿਰੀ ਦੇ ਅਨੁਭਵ ਸੁਣਾਏ ਵਡੇ ਥੋਥੇ ਜੀ ਗੰਭੀਰ ਧੀਰ ਹੋ ਕੇ ਸੁਣਦੇ ਰਹੇ, ਛੋਟੇ ਹੱਥ ਭਰ

Sri Satguru Jagjit Singh Ji Elibrary NamdhariElibrary@gmail com

ਭਰ ਡੁਲਦੇ ਰਹੇ ਮੈਂ ਦਿਲ ਤਕੜਾ ਕਰਨ ਵਾਸਤੇ ਕਹਿ ਕੇ ਵਾਪਸ ਪਰਤਿਆ।

੧੯ ਅਪਰੈਲ ੧੯੫੯

ਸੰਤਿਗੁਰੂ ਆਏ

ਜੀਵਨ ਨਗਰ ਆਕੇ ਮੈਂ ਅਖਬਾਰ-ਦਾ ਲਿਖਣ ਕਾਰਜ ਕੀਤਾ। ਫੀਰੋਜ਼ ਪੁਰ ਸੈਸ਼ਨ ਕੋਰਟ ਦੇ ਅਨੁਭਵ ਲਿਖੇ। ਦੁਪਹਿਰੇ ਲੰਮਾ ਪਿਆ ਹੋਇਆ ਸਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ੧੨ - ੩੦ ਦੇ ਕਰੀਬ ਮੰਡੀਓਂ (ਹਿਮਾਚਲ ਪ੍ਰਦੇਸ਼) ਅਤੇ ਫੀਜ਼ਰੋਪੁਰੋਂ ਹੋ ਕੇ ਆ ਗਏ। ਮੈਂ ਭੀ ਜਾ ਦਰਸ਼ਨ ਕੀਤੇ। ਸਤਿਗੁਰਾਂ ਦੀ ਸਿਹਤ ਜ਼ਰਾ ਕਮਜ਼ੋਰ ਹੋ ਗਈ ਸੀ।

ਸਤਿਗੁਰੂ ਜੀ ਨੇ ਡਾਕ ਅਤੇ ਗਉਆਂ ਨਾਲ ਸੰਬੰਧਤ ਕਾਗਜ਼ ਪਤਤਾਲੇ। ਇੱਕ ਹਿੰਦੂ ਸੱਜਣ ਜੋ ਵਲਾਇਤ ਵਿਚੋਂ ਬੀਫਿੰਗ ਸਿਖ ਕੇ ਆਇਆ ਹੈ ਹੁਣ ਬਿਰਲੇ ਦੇ ਕਿਸੇ ਡੇਰੀ ਫਾਰਮ ਵਿਚ ਕੰਮ ਕਰਨ ਲਗਾ ਸੀ, ਉਸਨੂੰ ਦੁਪਹਿਰੇ ਦੋ ਵਜੇ ਗਉਆਂ ਵਖਾਣ ਚਲੇ ਗਏ।

ਖੰਘੂਰਾ

ਸੰਤ ਮੁਹਕਮ ਸਿੰਘ ਜਮਸ਼ੇਰੀ ਸਤਿਗੁਰਾਂ ਦੇ ਬਸਤਰ ਧੋਣ ਵਾਲੇ ਸੇਵਕ ਹਨ। ਉਹਨਾਂ ਨੂੰ ਅੱਜ ਮੈਂ ਕਿਹਾ : ਜੇ ਤੁਸੀਂ ਨਾ ਹੋਵੋ ਤਾਂ ਖੰਘੂਰਾ ਨਹੀਂ ਸੁਣੀਂਦਾ। ਸੰਤਾਂ ਜਵਾਬ ਦਿਤਾ : ਹੋਰ ਕੋਈ ਖੰਘੂਰਾ ਮਾਰਨ ਵਾਲਾ ਵੀ ਨਹੀਂ ਰਿਹਾ। ਸੰਤਾਂ ਦਾ ਇਹ ਕਥਨ ਕਈ ਅਰਥ ਰੱਖਦਾ ਸੀ।

ਬਾਬਾ ਬੀਰ ਸਿੰਘ ਜੀ ਦੇ ਕੇਸ ਵਿਚ ਕੱਖ ਨਹੀਂ ਰਿਹਾ। ਪਰ ਬਹਿਸ ਕਲ੍ਹ ਹੋਵੇਗੀ।

੨੦ ਅਪਰੈਲ ੧੯੫੯

ਜੀਵਨ ਨਗਰ

ਸਤਿਗੁਰੂ ਜੀ ਦੀ ਤਬੀਅਤ ਅੱਜ ਫਿਰ ਨਹੀਂ ਰਹੀ। ੫ - ੬ ਜੰਗਲ ਆਏ ਹਨ। ਭਾ ਵੀ ੧੧ ਵਜੇ ਦੇ ਕਰੀਬ ਨਾਮਧਾਰੀ ਵਿਦਿਆਲਾ ਵਿਚ ਗਏ। ਬੱਚਿਆਂ ਨੂੰ ਕੜਾਹ ਪ੍ਰਸ਼ਾਦ ਅਤੇ ਖੀਰ ਖੁਆਣੀ ਸੀ। ਆਪ ਸਤਿਗੁਰਾਂ ਜ਼ਰਾਬਾ ਤੇ ਪਸ਼ਾਮਾ ਲਾਹ ਕੇ ਲੰਗਰ ਵਰਤ ਦਾ ਸ਼ੁਰੂ ਕੀਤਾ ਫੇਰ ਠਾਕੁਰ ਦਲੀਪ ਸਿੰਘ ਅਤੇ ਰਤਨ ਸਿੰਘ ਹੁਰਾਂ ਦੂਜੇ ਅਧਿਆਪਕਾਂ ਨਾਲ ਮਿਲ ਕੇ ਲੰਗਰ ਵਰਤਾਇਆ।

ਸਕੂਲ ਵਿਚ ਸਤਿਗੁਰਾਂ ਮੇਰੇ ਨਾਲ ਜ਼ਿਕਰ ਕੀਤਾ : ਤੂੰ ਜ਼ਰਾ ਕਮਿਊਨਿਸਟ ਹੋਣ ਕਰਕੇ ਕਾਹਲਾ ਹੈਂ। ਹੁਣ ਅਸੀਂ ਕੁਕੇ ਤੇ ਕਮਿਊਨਿਸਟ ਕਠੇ ਹੋ ਗਏ ਹਾਂ, ਵੇਖੀ ਚੱਲ, ਕੀ ਬਣਦਾ ਹੈ। ਜੋ ਚਾਹਦੇ ਹੋ ਸਹਿਜੇ ਸਹਿਜੇ ਕਰ ਲਵਾਂਗੇ।

ਸਹੀ ਸਹੀ ਬਿਆਨ ਦਾ ਮੁਲ

ਵਿਦਿਆਲਿਓਂ ਵਾਪਸ ਆਉਂਦਿਆਂ ਸਤਿਗੁਰਾਂ ਮੈਨੂੰ ਦਸਿਆ : ਮੈਂ ਮਲਕ ਠਾਣੇਦਾਰ ਨੂੰ ਕਹਿਲਾ ਭੇਜਿਆ ਹੈ ਕਿ ਜੇ ਉਹ ਸਾਰੀ ਸਰਕਾਰੀ ਤਿਆਰੀ ਦਾ ਬਿਆਨ ਸੈਸ਼ਨ ਕੋਰਟ ਵਿਚ ਦੇ ਦੇਵੇ ਕਿ ਕੋਰੇ (ਪ੍ਰਤਾਪ ਸਿੰਘ) ਦੇ ਇਸ਼ਾਰੇ ਨਾਲ ਸਾਰੇ ਅਫਸਰਾਂ ਮਿਲਕੇ ਸਾਡੇ ਖਿਲਾਫ ਸਾਜ਼ਸ਼ ਰਚੀ ਹੈ ਤਾਂ ਮੈਂ ਉਹਦੇ ਪਿਛੇ ਨੂੰ ਸੰਭਾਲਣ ਵਾਸਤੇ ੫੦,੦੦੦ ਰੁਪਏ ਖਰਚਣ ਨੂੰ ਤਿਆਰ ਹਾਂ। ਸਤਿਗੁਰੂ ਜੀ ਕਹਿਆ : ਮੈਂ ਅਜੇ ਵੀ ਕੋਸ਼ਸ਼ ਕਰਾਂਗਾ ਕਿ ਜੇ ਉਹ ਸਚੇ ਸੱਚ ਬਿਆਨ ਅਦਾਲਤ ਵਿਚ ਦੇ ਦੇਵੇ ਕਿ ਸਰਕਾਰੀ ਪੈਮਾਨੇ ਤੇ ਸਾਡੀ ਤਬਾਹੀ ਲਈ ਜੋ ਕੁਝ ਸੋਚਿਆ ਗਿਆ ਤਾਂ ਮੈਂ ਲੱਖ ਰੁਪਿਆ ਵੀ ਦੇ ਦਿਆਂ

੨੧ ਅਪਰੈਲ ੧੯੫੯

ਜੀਵਨ ਨਗਰ

ਸਤਿਗੁਰੂ ਜੀ ਦੀ ਸਿਹਤ ਅਜ ਅਸਲੋਂ ਠੀਕ ਹੈ।

ਦੁਪਹਿਰੇ, ਪ੍ਰਸ਼ਾਦ ਛਕਣ ਤੋਂ ਪਹਿਲੋਂ ਸਤਿਗੁਰੂ ਜੀ ਨੇ ਕੁਝ ਤਸਵੀਰਾਂ ਮੇਰੇ ਸਪੁਰਦ ਕੀਤੀਆਂ ਤੇ ਕਿਹਾ : ਸਾਡੇ ਸੰਭਾਲੂ ਤਾਂ ਤੁਸੀਂ ਹੀ ਓ, ਅਸੀਂ ਤੇ ਲੈ ਆਉਣ ਵਾਲੇ ਦਾ ਹਾਂ। ਇਹ ਤਸਵੀਰਾਂ ਸਿਖ ਯੂਨੀਅਨ ਨੈਰੋਬੀ ਦੇ ਵਫਦ ਉਸਦੇ ਮੈਂਬਰਾ ਅਤੇ ਉਹਨਾਂ ਵਲੋਂ ਦਸਤਖਤਾਂ ਵਾਲੇ ਪੋਟਰਟ ਪੱਤਰ ਦੀਆਂ ਸਨ।

'ਉਮੀਦ' ਦੀ ਵਰਤੋਂ

ਅੱਜ ਸਤਿਗੁਰੂ ਜੀ ਨੇ ਮੈਨੂੰ ਕਾਫੀ ਸਮਾਂ ਕੋਲ ਰੱਖਕੇ ਦਾ ਮਾਣ ਬਖਸ਼ਿਆ ਅਤੇ ਅਫਰੀਕਾ ਦੇ ਕੰਪਾਲਾ ਵਿਖੇ ਹੋਏ ਨਾਲ ਸੰਬੰਧਤ ਅਤੇ ਓਥੋਂ ਦੀਆਂ ਸਿਖ ਸੰਸਥਾਵਾਂ ਬਾਰੇ ਲੰਮਾ ਚਿਰ ਕੱਲਾ ਬਾਤਾਂ ਸੁਣਾਈਆਂ। ਸਤਿਗੁਰਾਂ ਬਾਬਾ ਜੀ ਛੁੱਟਿਆਂ ਦੀ ਰਿਹਾਈ ਬਾਬਤ ਵੀ ਕਿਹਾ : ਜਦ ਤਕ ਉਹ ਰਿਹਾ ਨਹੀਂ ਹੋ ਜਾਂਦੇ ਤਦ ਤਕ ਕਿਸੇ ਨੂੰ ਇਹ ਨਹੀਂ ਲਿਖਣਾ ਚਾਹੀਦਾ ਕਿ ੩—੪ ਦਿਨ 'ਚ ਰਿਹਾ ਹੋ ਜਾਣਗੇ। ਕੀ ਪਤਾ ਗੌਰਮਿੰਟ ਦੀ ਫੇਰ ਚਬਰ ਦਸਤ ਅਪਰੇਚ ਹੋ ਜਾਵੇ ਤੇ ਮਿਟੇ ਹੋਰ ਨਿਕਲਣ। ਅਜਿਹੇ ਖਤ ਗੁਰਦੇਵ ਸਿੰਘ (ਸਤਿਗੁਰਾਂ ਦੇ ਡਰਾਈਵਰ ਅਤੇ ਸਕਤਰ) ਨੇ ਲਿਖੇ ਸਨ ਫੇਰ ਕਹਿਣ ਲਗੇ : 'ਉਮੀਦ ਹੈ' ਲਿਖਿਆ ਡੰਗ ਸਰ ਜਾਂਦਾ ਹੈ।

ਸਤਿਗੁਰੂ ਜੀ ੭ - ੩੦ ਤੋਂ ਸਰਸੇ ਚਲੇ ਗਏ ਅਤੇ ੯ - ੩੦ ਦੇ ਕਰੀਬ ਰਾਤੀਂ ਵਾਪਸ ਪਰਤੇ। (ਚਲਦਾ)

Sri Satguru Jagjit Singh Ji Elibrary NamdhariElibrary@gmail com

ਚੋਣਵੇਂ ਕਿੱਸੇ

ਕਿਰਤ : ਕਵੀ ਪੂਰਨ ਰਾਮ ਮੁਲ : ਨੌਂ ਰੁਪਏ

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪਿਛਲੇ ਕੁਝ ਅਰਸੇ ਤੋਂ ਭੁਲੇ ਵਿਸਰੇ ਲੇਖਕਾਂ ਦੀਆਂ ਰਚਨਾਵਾਂ ਨੂੰ ਲੜੀਵੇ ਂ ਢ ਪਣ ਦਾ ਸ਼ਲਾਘਾ ਯੋਗ ਕਾਰਜ ਸ਼ੁਰੂ ਕੀਤਾ ਹੈ, ਜਿਸ ਦੇ ਅੰਤਰਗਤ ਕਵੀ ਪੂਰਨ ਰਾਮ ਦੇ ਕਿੱਸੇ (੧) ਸੋਹਣੀ ਮਹੀਂਵਾਲ, (੨) ਜੀਤੇ'ਣਾ ਮੰਡ, (੩) ਇੰਦਰ ਬੇਗੋ, (੪) ਝਗੜਾ ਨੂੰਹ ਸਸ ਦਾ, (੫) ਮਤਰ ਮਿਜ਼ਾਜੀ, (੬) ਬੈਂਤਾ ਦਾ ਤੇ ਕਬਿਤਾਂ ਦਾ, (੭) ਪੈਸੇ ਦਾ ਸੰਕਲਤ ਕੀਤੇ ਗਏ ਹਨ।

ਇਸ ਪੁਸਤਕ ਨੂੰ ਪੜ੍ਹਕੇ ਪਤਾ ਲਗਦਾ ਹੈ ਕਿ ਕਵੀ ਪੂਰਨ ਰਾਮ ਲੋਕਾਂ ਦਾ ਕਵੀ ਸੀ ਅਤੇ ਬਹੁਤ ਹੀ ਸਰਲ ਢੰਗ ਵਿੱਚ ਕਵਿਤਾ ਲਿਖਦਾ ਸੀ।

ਇਸ ਪੁਸਤਕ ਦੀ ਸੰਪਾਦਨਾ ਪਿਆਰਾ ਸਿੰਘ ਅਤੇ ਧਰਮ ਸਿੰਘ ਨੇ ਕੀਤੀ।

ਸੱਸੀ ਤੇ ਹੋਰ ਕਿਸੇ

ਕਿਰਤ ਰਾਂਝਾ ਬਰੁਖਰਦਾਰ ਮੁਲ : ਨੌਂ ਰੁਪਏ

ਭੁਲੇ ਵਿਸਰੇ ਕਵੀਆਂ ਦੀਆਂ ਰਚਨਾਵਾਂ ਨੂੰ ਲਭ ਕੇ ਛਾਪਣ ਦੀ ਵਿਉਂਤ ਦੇ ਅੰਤਰਗਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਛਾਪੀ ਗਈ ਇਹ ਵੀ ਬਤੀ ਵਧੀਆ ਪੁਸਤਕ ਹੈ ਅਤੇ ਇਸ ਦੀ ਸੰਪਾਦਨਾ ਡਾ. ਪਿਆਰ ਸਿੰਘ ਤੇ ਗੋਬਿੰਦ ਸਿੰਘ ਲਾਂਬਾ ਨੇ ਕੀਤੀ ਹੈ।

ਇਸ ਪੁਸਤਕ ਵਿਚ ਕਵੀ ਦੇ ਜਿਹੜੇ ਕਿੱਸੇ ਦਰਜ ਹਨ ਉਨ੍ਹਾਂ ਦੇ ਨਾਂ ਹਨ :

(੧) ਸੱਸੀ ਪੁਨੂੰ (੨) ਮਿਰਜ਼ਾ ਸਾਹਿਬਾਂ (੩) ਕਸੀਦਾ ਤੇ ਅਸਨਾਫ਼ਿ ਕਸੀਦਾ ਬੁਰਦਾ (੪) ਨਮਾਜ਼ ਦੀ ਹਕੀਕਤ।

ਇਸ ਪੁਸਤਕ ਵਿਚਲੇ ਕਿੱਸਿਆਂ ਨੂੰ ਪੜ੍ਹਕੇ ਕਵੀ ਰਾਂਝਾ ਬਰਖੁਰਦਾਰ ਦੀ ਕਾਵਿਕ ਸੂਝਬੂਝ ਦਾ ਚੰਗਾ ਪਰਿਚਯ ਮਿਲਦਾ ਹੈ ਅਤੇ ਲੇਖਕ ਦੇ ਜੀਵਨ ਬਾਰੇ ਵੀ ਵਿਦਵਾਨ ਖੋਜੀਆਂ ਨੇ ਕਾਫੀ ਜਤਨ ਨਾਲ ਸਮਾਗਰੀ.ਇਕੱਠੀ ਕੀਤੀ ਗਈ ਹੈ।

ਕਿੱਸਾ ਪੂਰਨ ਭਗਤ ਕਾ

ਕਿਰਤ : ਬਿਸ਼ਨ ਦਾਸ ਜੰਡਿਆਲਾ ਗੁਰੂ ਸੰਪਾਦਕ : ਇੰਦਰ ਸਿੰਘ ਰਾਜ਼, ਪਿਆਰ ਸਿੰਘ

ਇਸ ਪੁਸਤਕ ਨੂੰ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਭਾਗ ਵਲੋਂ ਛਾਪਿਆ ਗਿਆ ਹੈ ਅਤੇ ਇਸ ਵਿਚ ਕਵੀ ਬਿਸ਼ਨ ਦਾਸ ਜੰਡਿਆਣਾ ਗੁਰੂ ਦੇ ਕਿੱਸੇ ਪੂਰਨ ਭਗਤ ਨੂੰ ਬੜੇ ਖੋਜ ਭਰਪੂਰ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਉਪਰੋਕਤ ਤਿੰਨੇ ਹੀ ਪੁਸਤਕਾਂ ਨੂੰ ਛਾਪਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਕਾਫੀ ਨਿਗਰ ਕੰਮ ਕੀਤਾ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਨੇੜ ਭਵਿਖ ਵਿਚ ਯੂਨੀਵਰਸਿਟੀ ਇਸ ਤਰ੍ਹਾਂ ਦੇ ਹੋਰ ਵੀ ਕੰਮ ਕਰੇਗੀ।

ਅਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਰੋਕਤ ਵਿਭਾਗ ਨੂੰ ਸਲਾਹ ਦੇਣਾ ਚਾਹੁੰਦੇ ਹਾਂ ਕਿ ਉਹ ਅੱਜ ਦੇ ਲੇਖਕਾਂ ਦੀਆਂ ਪੁਸਤਕਾਂ ਛਾਪਣ ਦਾ ਵੀ ਉਸਾਰੂ ਕਾਰਜ ਸ਼ੁਰੂ ਕਰੇ।

Sri Satguru Jagjit Singh Ji Elibrary NamdhariElibrary@gmail com

ਸ਼ੀਸ਼ੇ ਦਾ ਜੰਗਲ

ਕਿਰਤ : ਕਵੀ ਜਗਤਾਰ ਪ੍ਰਕਾਸ਼ਕ : ਦੀਪਕ ਪਬਲਿਸ਼ਰਜ਼, ਜਲੰਧਰ

ਮੁਲ : ਵੀਹ ਰੁਪਏ

ਪਿਛਲੇ ਦਸ ਵਰ੍ਹਿਆਂ ਵਿਚ ਜਿਨ੍ਹਾਂ ਕਵੀਆਂ ਨੇ ਪੰਜਾਬੀ ਦੀ ਛੰਦ ਰਹਿਤ ਕਵਿਤਾ ਨੂੰ ਆਦਰਯੋਗ ਦਰਜਾ ਦਿਵਾਇਆ ਹੈ, ਉਨ੍ਹਾਂ ਵਿਚੋਂ ਜਗਤਾਰ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾਂਦਾ ਹੈ।

ਇਸ ਪੁਸਤਕ ਵਿਚ ਲੇਖਕ ਦੀਆਂ ਬੜੀਆਂ ਨਿਗਰ ਅਤੇ ਸ਼ਾਨਦਾਰ ਗ਼ਜ਼ਲਾਂ ਹਨ ਅਤੇ ਦੀਪਕ ਪਬਲਿਸਰਜ਼ ਜਲੰਧਰ, ਨੇ ਪੁਸਤਕ ਨੂੰ ਬੜੇ ਹੀ ਕਲਾਤਮਕ ਅੰਦਾਜ਼ ਵਿਚ ਛਾਪਿਆ ਹੈ।

ਇਸ ਪੁਸਤਕ ਦੇ ਛਾਪਣ ਨਾਲ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਬੜਾ ਹੀ ਸ਼ਾਨਦਾਰ ਵਾਧਾ ਹੋਇਆ ਹੈ।

ਵਰ੍ਹਿਆਂ ਬਾਦ

ਲੇਖਕ : ਹਰਬਖਸ਼ ਸਿੰਘ ਹੰਸਪਾਲ ਮੁਲ : ਦਸ ਰੁਪਏ

ਪੰਜਾਬੀ ਰੋਮਾਂਟਿਕ ਕੋਆਪਰੇਟਿਵ, ਨਵੀਂ ਦਿੱਲੀ।

ਇਸ ਪੁਸਤਕ ਵਿੱਚ ਲੇਖਕ ਦੀਆਂ ਸੱਤ ਕਹਾਣੀਆਂ ਸੰਕਲਤ ਹਨ ਅਤੇ ਉਹ ਸਾਰੀਆਂ ਹੀ ਸਾਡੇ ਆਧੁਨਿਕ ਜੀਵਨ ਦੇ ਵਖ-ਵਖ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ। ਹਰਬਖਸ਼ ਹੰਸਪਾਲ ਇਕ ਹੌਢਿਆ ਹੋਇਆ ਕਹਾਣੀ ਲੇਖਕ ਹੈ ਅਤੇ ਉਸਨੇ ਬੜੇ ਹੀ ਕਲਾਤਮਕ ਢੰਗ ਨਾਲ ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ ਨੂੰ ਨਿਭਾਇਆ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਹੰਸਪਾਲ ਕਹਾਣੀ ਕਲਾ ਦੇ ਖੇਤਰ ਵਿਚ ਹੋਰ ਵੀ ਹਿੱਸਾ ਪਾਵੇਗਾ ਅਤੇ ਪੰਜਾਬੀ ਕਹਾਣੀ ਦੇ ਭੰਡਾਰ ਨੂੰ ਭਰਪੂਰ ਬਣਾਨ ਲਈ ਨਿਗਰ ਜਤਨ ਕਰੇਗਾ। — ਜ. ਸ. ਵਿਰਦੀ

ਸ਼ੀਸ਼ਾ ਝੂਠ ਬੋਲਦਾ ਹੈ

ਨੂੰ ਪੁਰਸਕਾਰ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਇਸ ਸਾਲ ਗੁਰਭਜਨ ਗਿੱਲ ਨੂੰ ਉਹਦੀ ਕਾਵਿ ਪੁਸਤਕ 'ਸ਼ੀਸ਼ਾ ਝੂਠ ਬੋਲਦਾ ਹੈ' ਬਦਲੇ ਭਾਈ ਵੀਰ ਸਿੰਘ ਪੁਰਸਕਾਰ ਦਿਤਾ ਗਿਆ ਹੈ।

1980 ਨੂੰ ਦੇਣ

ਸੁਰਜੀਤ ਰਾਮਪੁਰੀ ਦੀਆਂ ਦੋ ਕਾਵਿ-ਪੁਸਤਕਾਂ

"ਮੈਂ ਸਿਰਫ ਆਵਾਜ਼ ਹਾਂ" ਕਵਿਤਾਵਾਂ ਤੇ ਗੀਤ

"ਗਉਂਦੀ ਹੈ ਤਨਹਾਈ" (ਗ਼ਜ਼ਲਾਂ)

ਛਪ ਰਹੀਆਂ ਹਨ, ਉਡੀਕ ਕਰੋ।

Sri Satguru Jagjit Singh Ji Elibrary NamdhariElibrary@gmail com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 2:0245
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਫੰਨ ਸੁਫੇਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS ;

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

Approved By Department of :



AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

HABI INDUSTRIES (Regd.)

10, Industrial Area,

PHAGWARA—144401.

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS

FROM

Harbhajan Sarabjit Associates

ENGINEERS & CONTRACTORS

124, Dussehra Ground, KOTA-9

(Rajasthan)

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM February 1980
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ASOKA BISCUIT



ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

Sri Hari Partap Trading Centre

6/85 W. E. A. KAROL BAGH
NEW DELHI-110005

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
Sri Satguru Jagjit Singh Ji Elibrary NamdhariElibrary@gmail.com